ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 21* Issue 79 | Friday, April 22, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

## ਅੰਦਰ ਇਹ ਵੀ ਪੜ੍ਹੋ

ਮਹਿੰਗਾਈ ਕਾਰਨ ਕੈਨੇਡੀਅਨ ਪ੍ਰੇਸ਼ਾਨ




ਪੰਜਾਬ ਸਰਕਾਰ ਦੀ ਸਖਤੀ, ਰੋਪੜ ਜ਼ਿਲੇ ਵਿੱਚ ਮਾਈਨਿੰਗ ਵਾਲੇ ਕਈ ਕਰੱਸ਼ਰ ਸੀਲ




# ਯੂਕਰੇਨ ਨੂੰ ਭੇਜੇ ਜਾਣ ਵਾਲੇ ਅਸਲੇ ਸਬੰਧੀ ਜਾਣਕਾਰੀ ਦੇਣ ਤੋਂ ਟਰੂਡੋ ਨੇ ਵੱਟਿਆ ਟਾਲਾ



ਓਟਵਾ, 21 ਅਪਰੈਲ (ਪੋਸਟ ਬਿਊਰੋ) : ਯੂਕਰੇਨ ਲਈ ਭਾਰੀ ਅਸਲਾ ਬਾਰੂਦ ਭੇਜਣ ਦੇ ਮਾਮਲੇ ਵਿੱਚ ਚੁਫੇਰਿਓਂ ਹੋ ਰਹੀ ਨੁਕਤਾਚੀਨੀ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਸਰਕਾਰ ਨੇ ਚੁੱਪ ਧਾਰ ਰੱਖੀ ਹੈ। ਮੀਡੀਆ ਨਾਲ ਕੀਤੀ ਗਈ ਗੱਲਬਾਤ ਦੌਰਾਨ ਟਰੂਡੋ ਨੇ ਭਾਰੀ ਅਸਲਾ ਤੇ ਹਥਿਆਰ ਯੂਕਰੇਨ ਭੇਜਣ ਦੀ ਗੱਲ ਆਖੀ ਸੀ। ਉਨ੍ਹਾਂ ਆਖਿਆ ਕਿ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਦੀ ਸਿੱਧੀ ਬੇਨਤੀ ਉੱਤੇ ਉਨ੍ਹਾਂ ਵੱਲੋਂ ਇਹ ਅਸਲਾ ਤੇ ਗੋਲੀ ਸਿੱਕਾ ਭੇਜਿਆ ਜਾਵੇਗਾ। ਉਨ੍ਹਾਂ ਨੇ ਉਸ ਸਮੇਂ ਸਬੰਧਤ ਅਸਲੇ ਤੇ ਉਸ ਉੱਤੇ ਆਉਣ ਵਾਲੀ ਲਾਗਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਪਰ ਜਦੋਂ ਇਸ ਬਾਰੇ ਮੁੜ ਬੁੱਧਵਾਰ ਨੂੰ ਪੁੱਛਿਆ ਗਿਆ ਤਾਂ ਟਰੂਡੋ ਨੇ ਆਖਿਆ ਕਿ ਸੁਰੱਖਿਆ ਕਾਰਨਾਂ ਕਰਕੇ ਅਸੀਂ ਇਸ ਸਮੇਂ ਇਹ ਜਾਣਕਾਰੀ ਨਹੀਂ ਦੇ ਸਕਦੇ ਪਰ ਆਉਣ ਵਾਲੇ ਦਿਨਾਂ ਵਿੱਚ ਅਸੀਂ ਇਸ ਪਾਸੇ ਵਧੇਰੇ ਜਾਣਕਾਰੀ ਜ਼ਰੂਰ ਮੁਹੱਈਆ ਕਰਾਵਾਂਗੇ।

ਟਰੂਡੋ ਨੇ ਇਹ ਜਾਣਕਾਰੀ ਵੀ ਨਹੀਂ ਦਿੱਤੀ ਕਿ ਮਿਲਟਰੀ ਸਾਜ਼ੋ ਸਮਾਨ ਕਿੱਥੋਂ ਆ ਰਿਹਾ ਹੈ, ਕੀ ਇਹ ਕੈਨੇਡਾ ਕੋਲ ਵਾਧੂ ਪਏ ਸਮਾਨ ਵਿੱਚੋਂ ਹੀ ਦਿੱਤਾ ਜਾ ਰਿਹਾ ਹੈ ਜਾਂ ਫਿਰ ਇਹ ਸਮਾਨ ਨਵੇਂ ਸਿਰੇ ਤੋਂ ਖਰੀਦ ਕੇ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਰੱਖਿਆ ਮੰਤਰੀ ਅਨੀਤਾ ਆਨੰਦ ਦੇ ਆਫਿਸ ਨੇ ਵੀ ਇਸ ਸਬੰਧ ਵਿੱਚ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ।

# ਨਵੇਂ ਸਰਵੇਖਣ ਮੁਤਾਬਕ ਪੀਸੀ ਪਾਰਟੀ ਤੋਂ ਚਾਰ ਅੰਕ ਪਿੱਛੇ ਹਨ ਲਿਬਰਲ

## ਪਰ ਡੈਲ ਡੂਕਾ ਤੋਂ ਵਾਕਿਫ ਨਹੀਂ ਹਨ ਬਹੁਤੇ ਵੋਟਰਜ਼



ਓਨਟਾਰੀਓ, 21 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹੋਣ ਵਾਲੀਆਂ ਚੋਣਾਂ ਲਈ ਮੁਕਾਬਲਾ ਤਕੜਾ ਹੋਣ ਦੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ। ਇੱਕ ਨਵੇਂ ਸਰਵੇਖਣ ਅਨੁਸਾਰ ਅਜੇ ਚੋਣ ਮੁਹਿੰਮ ਰਸਮੀ ਤੌਰ ਉੱਤੇ ਸ਼ੁਰੂ ਵੀ ਨਹੀਂ ਹੋਈ ਪਰ ਲਿਬਰਲ ਹੁਣੇ ਤੋਂ ਹੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਤੋਂ ਚਾਰ ਅੰਕ ਪਿੱਛੇ ਰਹਿ ਗਏ ਹਨ।

ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ ਜੂਨ ਵਿੱਚ ਹੋਣ ਜਾ ਰਹੀਆਂ ਇਨ੍ਹਾਂ ਪ੍ਰੋਵਿੰਸ਼ੀਅਲ ਚੋਣਾਂ ਲਈ 36 ਫੀ ਸਦੀ ਵੋਟਰਜ਼ ਨੇ ਫੋਰਡ ਦੀ ਪੀਸੀ ਪਾਰਟੀ ਨੂੰ ਵੋਟ ਕਰਨ ਦਾ ਫੈਸਲਾ ਕੀਤਾ ਹੈ ਜਦਕਿ 32 ਫੀ ਸਦੀ ਸਟੀਵਨ ਡੈਲ ਡੂਕਾ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ ਵੋਟ ਪਾਉਣ ਦਾ ਮਨ ਬਣਾਈ ਬੈਠੇ ਹਨ। 23 ਫੀ ਸਦੀ ਦਾ ਕਹਿਣਾ ਹੈ ਕਿ ਉਹ ਐਂਡਰੀਆ ਹੌਰਵਥ ਦੀ ਅਗਵਾਈ ਵਾਲੀ ਐਨਡੀਪੀ ਨੂੰ ਵੋਟ ਪਾਉਣਗੇ। ਛੇ ਫੀ ਸਦੀ ਗ੍ਰੀਨ ਪਾਰਟੀ ਨੂੰ ਵੋਟ ਪਾਉਣਾ ਚਾਹੁੰਦੇ ਹਨ ਤੇ ਚਾਰ ਫੀ ਸਦੀ ਦਾ ਕਹਿਣਾ ਹੈ ਕਿ ਉਹ ਕਿਸੇ ਹੋਰ ਪਾਰਟੀ ਨੂੰ ਵੋਟ ਪਾਉਣਗੇ।

ਜਨਵਰੀ ਵਿੱਚ ਕਰਵਾਏ ਗਏ ਇਸੇ ਤਰ੍ਹਾਂ ਦੇ ਸਰਵੇਖਣ ਤੋਂ ਇਸ ਸਮੇਂ ਲਿਬਰਲ ਚਾਰ ਅੰਕਾਂ ਦੀ ਡੀਂਘ ਪੁੱਟ ਚੁੱਕੇ ਹਨ ਜਦਕਿ ਟੋਰੀਜ਼ ਇੱਕ ਅੰਕ ਤੇ ਐਨਡੀਪੀ ਦੋ ਅੰਕਾਂ ਨਾਲ ਹੇਠਲੇ ਪਾਏਦਾਨ ਉੱਤੇ ਪਹੁੰਚ ਗਏ ਹਨ।

...ਬਾਕੀ ਪੰਨਾ 3 'ਤੇ

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

WEEK SPECIAL DEAL
APRIL 23 - 01 MAY
OURR HOME & APPLIANCES
OPEN BOX SPECIAL
PRICE $4399
$1449
SWITCH TO GAS STOVE IN JUST $299
PRICE $999
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

NOW HIRING !!!
ALLKIND INSURANCE
• Life Insurance
• Critical illness Ins
• Travel & Visitor Ins
• RESP & TFSA & RRSP
• Super Visa Insurance
• Mortgage Insurance
• Disability Insurance
• Funeral Insurance
SIMRAN SAINI
416.994.7272
www.allkindinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵੱਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵੱਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਮਿਰਦਰੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਮਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

MANN LAW FIRM
• Real Estate Law
• Wills & Estates
• Power of Attorney
• Affidavits Notarization / Declaration
• Business Law
• Family Law
• Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT


*WITH NEW ACTIVATION ON A $25/MO
DATA, TALK, & TEXT PLAN OR HIGHER

chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਯੂਨੀਅਨ ਸਟੇਸ਼ਨ ਦੇ 100 ਵਰਕਰਜ਼ ਹੜਤਾਲ ਉੱਤੇ ਗਏ



ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਅੱਧੀ ਰਾਤ ਨੂੰ ਯੂਨੀਅਨ ਸਟੇਸ਼ਨ ਦੇ ਇਲੈਕਟ੍ਰਿਕ ਵਰਕਰਜ਼ ਦੇ ਹੜਤਾਲ ਉੱਤੇ ਜਾਣ ਨਾਲ ਗੋ ਟਰੇਨ ਵਿੱਚ ਸਫਰ ਕਰਨ ਵਾਲਿਆਂ ਨੂੰ ਬੁੱਧਵਾਰ ਨੂੰ ਦੇਰ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਰਾਤੀਂ 12:01 ਉੱਤੇ 95 ਟੋਰਾਂਟੋ ਟਰਮੀਨਲਜ਼ ਰੇਲਵੇਅ (ਟੀਟੀਆਰ) ਦੇ ਕਰਮਚਾਰੀਆਂ ਦੇ ਹੜਤਾਲ ਉੱਤੇ ਜਾਣ ਨਾਲ ਸਥਿਤੀ ਕਾਫੀ ਡਾਂਵਾਡੋਲ ਹੋ ਚੁੱਕੀ ਹੈ। ਮੈਟਰੋ ਲਿੰਕਸ ਦੀ ਤਰਜ਼ਮਾਨ ਐਨ ਮੈਰੀ ਆਇਕਿੰਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਨੂੰ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਰਸਮੀ ਤੌਰ ਉੱਤੇ ਟੀਟੀਆਰ ਯੂਨੀਅਨ ਦੇ ਮੈਂਬਰ ਹੜਤਾਲ ਉੱਤੇ ਚਲੇ ਗਏ ਹਨ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਲੇਬਰ ਡਿਸਰਪਸ਼ਨ ਕੌਂਟੀਜੈਂਸੀ ਪਲੈਨ ਨੂੰ ਲਾਗੂ ਕਰ ਦਿੱਤਾ ਗਿਆ ਹੈ ਤੇ ਸਾਨੂੰ ਪੂਰੀ ਆਸ ਹੈ ਕਿ ਗੋ ਤੇ ਯੂਨਾਈਟਿਡ ਪਾਰਸਲ ਐਕਸਪ੍ਰੈੱਸ ਨੂੰ ਬਹੁਤਾ ਨੁਕਸਾਨ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਜੇ ਕਿਸੇ ਕਿਸਮ ਦੀ ਦੇਰ ਜਾਂ ਟਰੇਨ ਰੱਦ ਹੋਣ ਦੀ ਕੋਈ ਜਾਣਕਾਰੀ ਮਿਲੇਗੀ ਤਾਂ ਉਹ ਫੌਰੀ ਆਪਣੇ ਗਾਹਕਾਂ ਨੂੰ ਦਿੱਤੀ ਜਾਵੇਗੀ। ਸਟ੍ਰਾਈਕ ਉੱਤੇ ਗਏ ਵਰਕਰਜ਼ ਸਟੇਸ਼ਨ ਉੱਤੇ ਸਿਗਨਲਜ਼ ਤੇ ਕਮਿਊਨਿਕੇਸ਼ਨ ਮੇਨਟੇਨੈਂਸ ਦਾ ਕੰਮ ਦੇਖਦੇ ਸਨ। ਉਹ ਯੂਨੀਅਨ ਸਟੇਸ਼ਨ ਰੇਲ ਕੌਰੀਡੋਰ ਉੱਤੇ ਗੱਡੀਆਂ ਦਾ ਕੰਟਰੋਲ ਵੀ ਸਾਂਭਦੇ ਸਨ। ਇਹ ਵੀ ਆਸ ਪ੍ਰਗਟਾਈ ਜਾ ਰਹੀ ਹੈ ਕਿ ਇਸ ਹੜਤਾਲ ਨਾਲ ਟੀਟੀਸੀ ਸਬਵੇਅ ਸਰਵਿਸ ਪ੍ਰਭਾਵਿਤ ਹੋਣ ਦੀ ਵੀ ਕੋਈ ਸੰਭਾਵਨਾ ਨਹੀਂ। ਹੜਤਾਲੀ ਵਰਕਰਜ਼ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਇਲੈਕਟ੍ਰੀਕਲ ਵਰਕਰਜ਼ ਯੂਨੀਅਨ ਦੇ ਮੈਂਬਰਜ਼ ਹਨ ਤੇ ਉਹ ਦਸੰਬਰ 2019 ਤੋਂ ਬਿਨਾਂ ਕਾਂਟਰੈਕਟ ਦੇ ਸਨ।

# ਰੂਸ ਦੇ ਦਖ਼ਲ ਤੋਂ ਬਾਅਦ ਫਰੀਲੈਂਡ ਤੇ ਹੋਰਨਾਂ ਭਾਈਵਾਲਾਂ ਨੇ ਜੀ-20 ਮੀਟਿੰਗ ਤੋਂ ਕੀਤਾ ਵਾਕਆਊਟ

ਵਾਸ਼ਿੰਗਟਨ, 21 ਅਪਰੈਲ (ਪੋਸਟ ਬਿਊਰੋ) : ਵਾਸ਼ਿੰਗਟਨ, ਡੀਸੀ ਵਿੱਚ ਜੀ-20 ਦੀ ਚੱਲ ਰਹੀ ਮੀਟਿੰਗ ਵਿੱਚ ਉਸ ਸਮੇਂ ਵਿਘਣ ਪੈ ਗਿਆ ਜਦੋਂ ਰੂਸ ਦੀ ਸ਼ਮੂਲੀਅਤ ਖਿਲਾਫ ਸਟੈਂਡ ਲੈਂਦਿਆਂ ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ, ਕੈਨੇਡੀਅਨ ਅਧਿਕਾਰੀਆਂ ਤੇ ਹੋਰਨਾਂ ਭਾਈਵਾਲਾਂ ਵੱਲੋਂ ਵਾਕਆਊਟ ਕਰ ਦਿੱਤਾ ਗਿਆ।

ਫਰੀਲੈਂਡ ਨੇ ਆਖਿਆ ਕਿ ਬੁੱਧਵਾਰ ਨੂੰ ਹੋ ਰਹੀ ਜੀ-20 ਵਿੱਤ ਮੰਤਰੀਆਂ ਤੇ ਸੈਂਟਰਲ ਬੈਂਕ ਗਵਰਨਰਜ਼ ਦੀ ਮੀਟਿੰਗ ਵਿੱਚ ਉਹ ਆਪ ਤੇ ਉਨ੍ਹਾਂ ਦੇ ਕਈ ਜਮਹੂਰੀ ਭਾਈਵਾਲ ਉਸ ਸਮੇਂ ਉੱਠੇ ਤੇ ਬਾਹਰ ਚਲੇ ਗਏ ਜਦੋਂ ਰੂਸ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਟਵੀਟ ਕਰਕੇ ਦੱਸਿਆ ਕਿ ਇਸ ਹਫਤੇ ਵਾਸ਼ਿੰਗਟਨ ਵਿੱਚ ਹੋਣ ਵਾਲੀਆਂ ਮੀਟਿੰਗਾਂ ਵਿਸ਼ਵ ਦੇ ਅਰਥਚਾਰੇ ਦਾ ਸਮਰਥਨ ਕਰਨ ਲਈ ਹਨ ਤੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਗਈ ਗੈਰਕਾਨੂੰਨੀ ਚੜ੍ਹਾਈ ਗਲੋਬਲ ਅਰਥਚਾਰੇ ਲਈ ਵੱਡਾ ਖਤਰਾ ਹੈ। ਇਨ੍ਹਾਂ ਮੀਟਿੰਗਾਂ ਵਿੱਚ ਰੂਸ ਨੂੰ ਹਿੱਸਾ ਨਹੀਂ ਲੈਣਾ ਚਾਹੀਦਾ ਜਾਂ ਉਸ ਨੂੰ ਇਨ੍ਹਾਂ ਮੀਟਿੰਗਾਂ ਵਿੱਚ ਸ਼ਾਮਲ ਹੀ ਨਹੀਂ ਹੋਣ ਦੇਣਾ ਚਾਹੀਦਾ। ਵਿਸ਼ਵ ਦੇ ਜਮਹੂਰੀ ਦੇਸ਼ ਘੇਸਲ ਮਾਰ ਕੇ ਰੂਸ ਦੇ ਗੁੱਸੇ ਦਾ ਸ਼ਿਕਾਰ ਬਣ ਰਹੇ ਯੂਕਰੇਨ ਵਾਸੀਆਂ ਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਵਾਰ ਕ੍ਰਾਈਮਜ਼ ਨੂੰ ਨਹੀਂ ਵੇਖ ਸਕਦੇ। ਫਰੀਲੈਂਡ ਵੱਲੋਂ ਜਾਰੀ ਕੀਤੀ ਗਈ ਫੋਟੋ ਵਿੱਚ ਸਾਫ ਨਜ਼ਰ ਆ ਰਿਹਾ ਹੈ ਕਿ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ, ਯੂਐਸ ਫੈਡਰਲ ਰਿਜ਼ਰਵ ਦੇ ਚੇਅਰ ਜੇਅ ਪਾਵੇਲ, ਯੂਕਰੇਨ ਦੇ ਵਿੱਤ ਮੰਤਰੀ ਸੇਰਹੀਅ ਮਾਰਚੈਂਕੋ ਤੇ ਇਕੌਨਮੀ ਲਈ ਯੂਰਪੀਅਨ ਕਮਿਸ਼ਨਰ ਪਾਓਲੋਜੈਨਤਿਲੋਨੀ ਮੀਟਿੰਗ ਵਿੱਚੋਂ ਉੱਠ ਕੇ ਬਾਹਰ ਜਾ ਰਹੇ ਹਨ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿਦੇਸ਼ ਮੰਤਰੀ ਮਿਲੇਨੀ ਜੋਲੀ ਸਮੇਤ ਹੋਰਨਾਂ ਕੈਨੇਡੀਅਨ ਅਧਿਕਾਰੀਆਂ ਦਾ ਇਹ ਆਖਣਾ ਹੈ ਕਿ ਜੀ-20 ਵਿੱਚ ਰੂਸ ਦੀ ਸੀਟ ਉੱਤੇ ਮੁੜ ਵਿਚਾਰ ਕੀਤਾ ਜਾਣਾ ਬਣਦਾ ਹੈ।

# ਮਹਿੰਗਾਈ ਕਾਰਨ ਕੈਨੇਡੀਅਨ ਪ੍ਰੇਸ਼ਾਨ

ਓਟਵਾ, 21 ਅਪਰੈਲ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਗੈਸੋਲੀਨ ਦੀਆਂ ਕੀਮਤਾਂ ਪਿਛਲੇ ਮਹੀਨੇ ਨਾਲੋਂ 6.9 ਫੀ ਸਦੀ ਵੱਧ ਚੁੱਕੀਆਂ ਹਨ ਤੇ ਇੱਕ ਸਾਲ ਪਹਿਲਾਂ ਨਾਲੋਂ ਇਹ 40 ਫੀ ਸਦੀ ਵੱਧ ਚੁੱਕੀਆਂ ਹਨ।



ਇਹ ਮਹਿੰਗਾਈ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਬਦੌਲਤ ਵੱਧ ਰਹੀ ਹੈ। ਇਸ ਹਮਲੇ ਕਾਰਨ ਹੀ ਕੈਨੇਡਾ ਵਿੱਚ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਮਹਿੰਗਾਈ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸ ਮਹਿੰਗਾਈ ਦਾ ਅਸਰ ਕਈ ਸੈਕਟਰਜ਼ ਉੱਤੇ ਸਾਫ ਵੇਖਣ ਨੂੰ ਮਿਲ ਰਿਹਾ ਹੈ। ਜਹਾਜ਼ਾਂ ਦੀਆਂ ਟਿਕਟਾਂ, ਫਰਨੀਚਰ, ਗਰੌਸਰੀ ਦੀਆਂ ਕੀਮਤਾਂ, ਗੱਲ ਕੀ ਸੱਭ ਕੁੱਝ ਮਹਿੰਗਾ ਹੋ ਚੁੱਕਿਆ ਹੈ। 1983 ਤੋਂ ਬਾਅਦ ਹੁਣ ਕੈਨੇਡੀਅਨਜ਼ ਨੂੰ ਡੇਅਰੀ ਪਦਾਰਥਾਂ ਤੇ ਆਂਡਿਆਂ ਤੱਕ ਦੀਆਂ ਕੀਮਤਾਂ ਵੱਧ ਦੇਣੀਆਂ ਪੈ ਰਹੀਆਂ ਹਨ।

ਇਸ ਮਹਿੰਗਾਈ ਕਾਰਨ ਨਿੱਕੇ ਕਾਰੋਬਾਰੀਆਂ ਦਾ ਲੱਕ ਟੁੱਟ ਚੁੱਕਿਆ ਹੈ। ਕੁੱਝ ਮਾਹਿਰਾਂ ਦਾ ਕਹਿਣਾ ਹੈ ਕਿ ਪਰਿਵਾਰਾਂ ਨੂੰ ਆਪਣੇ ਖਰਚ ਕਰਨ ਦੀਆਂ ਆਦਤਾਂ ਬਦਲਣ ਲਈ ਸੋਚ ਵਿਚਾਰ ਕਰਨਾ ਚਾਹੀਦਾ ਹੈ।

# ਜ਼ਖ਼ਮੀ ਹੋਣ ਵਾਲੇ ਵਰਕਰਜ਼ ਨੂੰ ਵਧੇਰੇ ਮੁਆਵਜ਼ਾ ਦੇਵੇਗੀ ਪੀਸੀ ਸਰਕਾਰ!

ਓਨਟਾਰੀਓ, 21 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਹ ਕੰਮ ਉੱਤੇ ਜ਼ਖ਼ਮੀ ਹੋਣ ਵਾਲੇ ਵਰਕਰਜ਼ ਲਈ ਮੁਆਵਜ਼ੇ ਵਿੱਚ ਵਾਧਾ ਕਰੇਗੀ। ਪਰ ਇਹ ਪ੍ਰਸਤਾਵਿਤ ਤਬਦੀਲੀ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਪ੍ਰਭਾਵੀ ਨਹੀਂ ਹੋ ਸਕੇਗੀ। ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਉਹ ਵਰਕਪਲੇਸ ਸੇਫਟੀ ਇੰਸ਼ੋਰੈਂਸ ਬੋਰਡ ਨੂੰ ਨਿਰਦੇਸ਼ ਦੇ ਰਹੇ ਹਨ ਕਿ ਉਹ ਇਨ੍ਹਾਂ ਵਰਕਰਜ਼ ਦੀਆਂ ਅਜਿਹੀਆਂ ਅਦਾਇਗੀਆਂ ਵਿੱਚ ਵਾਧਾ ਕਰਨ ਲਈ ਪਲੈਨ ਪੇਸ਼ ਕਰੇ। ਜ਼ਖ਼ਮੀ ਵਰਕਰਜ਼ ਨੂੰ ਇਸ ਸਮੇਂ ਕਿਸੇ ਹਾਦਸੇ ਤੋਂ ਪਹਿਲਾਂ 85 ਫੀ ਸਦੀ ਤਨਖਾਹ ਮਿਲਦੀ ਹੈ ਤੇ ਫੋਰਡ



ਸਰਕਾਰ ਇਸ ਨੂੰ 90 ਫੀ ਸਦੀ ਕਰਨ ਬਾਰੇ ਯੋਜਨਾ ਬਣਾ ਰਹੀ ਹੈ।

ਲੇਬਰ ਮੰਤਰੀ ਮੌਂਟੀ ਮੈਕਨੌਟਨ, ਜਿਨ੍ਹਾਂ ਵੱਲੋਂ ਅੱਜ ਇਸ ਪਲੈਨ ਦਾ ਐਲਾਨ ਕੀਤਾ ਜਾਵੇਗਾ, ਨੇ ਆਖਿਆ ਕਿ ਇਸ ਪਲੈਨ ਲਈ ਸਰਕਾਰ ਇੱਕ ਬਿਲੀਅਨ ਡਾਲਰ ਤੱਕ ਐਲਾਨ ਸਕਦੀ ਹੈ ਕਿਉਂਕਿ ਡਬਲਿਊਐਸਆਈਬੀ ਕੋਲ ਵਾਧੂ ਫੰਡ ਪਏ ਹਨ। ਉਨ੍ਹਾਂ ਆਖਿਆ ਕਿ ਮਹਿੰਗਾਈ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੀ ਹੈ ਤੇ ਵਰਕਰਜ਼ ਨੂੰ ਸਹੀ ਮੁਆਵਜ਼ਾ ਮਿਲਣਾ ਹੀ ਚਾਹੀਦਾ ਹੈ, ਉਹ ਇਸ ਦੇ ਪੂਰੇ ਹੱਕਦਾਰ ਹਨ।

ਜ਼ਿਕਰਯੋਗ ਹੈ ਕਿ ਇਸ ਨਵੀਂ ਮੁਆਵਜ਼ਾ ਦਰ ਨੂੰ ਲਿਆਉਣ ਲਈ ਵਿਧਾਨਕ ਸੋਧ ਜ਼ਰੂਰੀ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਉਹ ਇਹ ਸੋਧ ਸਾਲ ਦੇ ਅੰਤ ਵਿੱਚ ਲਿਆਵੇਗੀ। ਇਸ ਲਈ ਜੇ ਕੰਜ਼ਰਵੇਟਿਵ ਮੁੜ ਸੱਤਾ ਉੱਤੇ ਕਾਬਜ ਹੁੰਦੇ ਹਨ ਤਾਂ ਵਰਕਰਜ਼ ਨੂੰ ਇਹ ਵਧਿਆ ਹੋਇਆ ਮੁਆਵਜ਼ਾ 2023 ਵਿੱਚ ਮਿਲਣਾ ਸ਼ੁਰੂ ਹੋਵੇਗਾ।

# ਅਮਰਜੋਤ ਸੰਧੂ ਦਾ ਕੈਂਪੇਨ ਲਾਂਚ ਪ੍ਰੋਗਰਾਮ ਭਲਕੇ




ਬਰੈਂਪਟਨ, 20 ਅਪ੍ਰੈਲ (ਪੋਸਟ ਬਿਊਰੋ)- ਓਂਟਾਰੀਓ ਪੀਸੀ ਪਾਰਟੀ ਵਲੋਂ ਬਰੈਂਪਟਨ ਵੈਸਟ ਤੋਂ ਉਮੀਦਵਾਰ ਅਮਰਜੋਤ ਸੰਧੂ ਦਾ ਕੈਂਪੇਨ ਲਾਂਚ ਪ੍ਰੋਗਰਾਮ ਸ਼ਨੀਵਾਰ 23 ਅਪ੍ਰੈਲ ਸਵੇਰੇ 11:30 ਵਜੇ, 170 Bovaird Drive West, Unit 13, Brampton ਵਿਖੇ ਹੋ ਰਿਹਾ ਹੈ। ਇਸ ਦੌਰਾਨ ਖੁੱਲ੍ਹੀ ਵਿਚਾਰ ਚਰਚਾ ਹੋਵੇਗੀ ਜਿਸ ਵਿਚ ਵਿਸ਼ੇਸ਼ ਮਹਿਮਾਨ ਜੁੜਨਗੇ। ਇਸ ਦੌਰਾਨ ਖਾਣ ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ। ਵਧੇਰੇ ਜਾਣਕਾਰੀ ਲਈ 905-239-5200 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਾਸਪੋਰਟ ਸਬੰਧੀ ਅਰਜ਼ੀਆਂ ਵਿੱਚ ਵਾਧਾ ਹੋਣ ਨਾਲ ਉਡੀਕ ਦੀ ਸੂਚੀ ਵੀ ਹੋਈ ਲੰਮੀਂ

ਓਟਵਾ, 21 ਅਪਰੈਲ (ਪੋਸਟ ਬਿਊਰੋ) : ਮਹਾਂਮਾਰੀ ਵਿੱਚ ਥੋੜ੍ਹੀ ਜਿਹੀ ਠੱਲ੍ਹ ਪੈਣ ਤੋਂ ਬਾਅਦ ਇੱਕ ਵਾਰੀ ਫਿਰ ਲੋਕਾਂ ਦੀ ਦਿਲਚਸਪੀ ਟਰੈਵਲ ਵਿੱਚ ਵਧੀ ਹੈ। ਇਸ ਨਾਲ ਪਿਛਲੇ ਸਾਲ ਦੌਰਾਨ ਜਾਰੀ ਕੀਤੇ ਗਏ ਕੈਨੇਡੀਅਨ ਪਾਸਪੋਰਟ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ। ਇਹ ਜਾਣਕਾਰੀ ਫੈਡਰਲ ਸਰਕਾਰ ਦੇ ਤਾਜ਼ਾ ਅੰਕੜਿਆਂ ਤੋਂ ਹਾਸਲ ਹੋਈ ਹੈ। ਇੱਕ ਬਿਆਨ ਵਿੱਚ ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਦੇ ਬੁਲਾਰੇ ਨੇ ਦੱਸਿਆ ਕਿ ਪਬਲਿਕ ਹੈਲਥ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਤੇ ਟਰੈਵਲ ਸ਼ੁਰੂ ਹੋਣ ਨਾਲ ਦੇਸ਼ ਭਰ ਵਿੱਚ ਪਾਸਪੋਰਟ ਐਪਲੀਕੇਸ਼ਨਜ਼ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਪਹਿਲੀ ਅਪਰੈਲ 2020 ਤੋਂ 31 ਮਾਰਚ 2021 ਦਰਮਿਆਨ ਸਰਵਿਸ ਕੈਨੇਡਾ ਵੱਲੋਂ 363,000 ਪਾਸਪੋਰਟ ਜਾਰੀ ਕੀਤੇ ਗਏ। ਅਗਲੇ ਸਾਲ ਪਹਿਲੀ ਅਪਰੈਲ 2021 ਤੋਂ 31 ਮਾਰਚ 2022 ਤੱਕ ਜਾਰੀ ਕੀਤੇ ਗਏ



ਪਾਸਪੋਰਟਸ ਦੀ ਗਿਣਤੀ 1,273,000 ਤੱਕ ਅੱਪੜ ਗਈ। ਇਸ ਦੌਰਾਨ ਸਰਵਿਸ ਕੈਨੇਡਾ ਨੂੰ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਪਾਸਪੋਰਟ ਸਬੰਧੀ ਬੇਨਤੀਆਂ ਆਉਂਦੀਆਂ ਰਹਿੰਦੀਆਂ ਹਨ। ਮਹਾਂਮਾਰੀ ਤੋਂ ਪਹਿਲਾਂ ਜੇ ਪਾਸਪੋਰਟ ਲਈ ਆਉਣ ਵਾਲੀਆਂ ਅਰਜ਼ੀਆਂ ਦੀ ਗਿਣਤੀ 5,000 ਸੀ ਤਾਂ ਹੁਣ ਇਹ ਗਿਣਤੀ ਵੱਧ ਕੇ 200,000 ਰੋਜ਼ਾਨਾ ਤੱਕ ਅੱਪੜ ਗਈ ਹੈ। ਇਸ ਦੌਰਾਨ ਇੰਪਲੌਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਕਾਫੀ ਅਰਜ਼ੀਆਂ ਮਿਲ ਰਹੀਆਂ ਹਨ ਜਿਸ ਨਾਲ ਉਡੀਕ ਦੀ ਸੂਚੀ ਵੀ ਲੰਮੀ ਹੋ ਰਹੀ ਹੈ।

# ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਰਾਤ ਸੇਂਟ ਜਾਰਜ ਸਟੇਸ਼ਨ ਉੱਤੇ ਬਿਨਾਂ ਕਿਸੇ ਲੜਾਈ ਦੇ ਕੀਤੀ ਗਈ ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਤੋਂ ਬਾਅਦ ਪੁਲਿਸ ਵੱਲੋਂ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।



ਕਿਸੇ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰ ਦੀ ਜਾਣਕਾਰੀ ਮਿਲਣ ਤੋਂ ਬਾਅਦ ਰਾਤੀਂ 11:30 ਵਜੇ ਪੁਲਿਸ ਅਧਿਕਾਰੀ ਟੀਟੀਸੀ ਸਬਵੇਅ ਸਟੇਸ਼ਨ ਪਹੁੰਚੇ। ਪੁਲਿਸ ਨੇ ਦੱਸਿਆ ਕਿ ਇੱਕ 30 ਸਾਲਾ ਵਿਅਕਤੀ ਸਬਵੇਅ ਦੇ ਪਲੇਟਫਾਰਮ ਉੱਤੇ ਬੈਠਾ ਕਿਸੇ ਨਾਲ ਗੱਲਾਂ ਕਰ ਰਿਹਾ ਸੀ ਜਦੋਂ ਇੱਕ ਵਿਅਕਤੀ ਨੇ ਆ ਕੇ ਉਸ ਦੀ ਧੌਣ ਵਿੱਚ ਚਾਕੂ ਮਾਰ ਦਿੱਤਾ। ਪੁਲਿਸ ਨੇ ਦੱਸਿਆ ਕਿ ਇਹ ਹਮਲਾ ਕਿਸੇ ਤਰ੍ਹਾਂ ਦੀ ਭੜਕਾਹਟ ਕਾਰਨ ਨਹੀਂ ਕੀਤਾ ਗਿਆ।

ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਸਟੇਸ਼ਨ ਤੋਂ ਫਰਾਰ ਹੋ ਗਿਆ। ਉਸ ਨੂੰ ਆਖਰੀ ਵਾਰੀ ਬੈੱਡਫੋਰਡ ਰੋਡ ਉੱਤੇ ਵੇਖਿਆ ਗਿਆ। ਬੁੱਧਵਾਰ ਨੂੰ ਪੁਲਿਸ ਨੇ ਟੋਰਾਂਟੋ ਦੇ 23 ਸਾਲਾ ਡੈਂਟਾ ਈਸਟਰਬਰੁੱਕ ਨੂੰ ਗ੍ਰਿਫਤਾਰ ਕਰ ਲਿਆ। ਉਸ ਉੱਤੇ ਹਥਿਆਰ ਨਾਲ ਕਿਸੇ ਉੱਤੇ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਹੈ ਤੇ ਉਸ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਦੌਰਾਨ ਟੀਟੀਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਵੱਖ ਵੱਖ ਸਟੇਸ਼ਨਾਂ ਉੱਤੇ ਸਕਿਊਰਿਟੀ ਵਧਾ ਦਿੱਤੀ ਗਈ ਹੈ।

# ਪੀਟਰਬਰੋ ਵਿੱਚ ਚੱਲੀ ਗੋਲੀ, ਕਈ ਜ਼ਖ਼ਮੀ



ਓਨਟਾਰੀਓ, 21 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਪੀਟਰਬਰੋ, ਓਨਟਾਰੀਓ ਵਿੱਚ ਵਾਪਰੀ ਸੂਟਿੰਗ ਦੀ ਘਟਨਾ ਤੋਂ ਬਾਅਦ ਕਈ ਲੋਕ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਪਾਰਕ ਸਟਰੀਟ ਸਾਊਥ ਸਥਿਤ ਇੱਕ ਘਰ ਵਿੱਚੋਂ ਦੁਪਹਿਰੇ 1:00 ਵਜੇ 911 ਉੱਤੇ ਕਾਲ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਰ ਵਿੱਚੋਂ ਕਈ ਲੋਕਾਂ ਨੂੰ ਹਸਪਤਾਲ ਲਿਜ-ਾਇਆ ਗਿਆ। ਜ਼ਖ਼ਮੀਆਂ ਦੀ ਸਥਿਤੀ ਦਾ ਖੁਲਾਸਾ ਅਜੇ ਨਹੀਂ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ। ਪੁਲਿਸ ਨੇ ਆਖਿਆ ਕਿ ਅਗਲੀ ਜਾਣਕਾਰੀ ਸਥਿਤੀ ਸਪਸ਼ਟ ਹੋਣ ਮਗਰੋਂ ਹੀ ਦਿੱਤੀ ਜਾਵੇਗੀ।

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

## ਨਵੇਂ ਸਰਵੇਖਣ ਮੁਤਾਬਕ ਪੀਸੀ ਪਾਰਟੀ ਤੋਂ ਚਾਰ ਅੰਕ ਪਿੱਛੇ ਹਨ ਲਿਬਰਲ

...ਪੰਨਾ 1 ਦਾ ਬਾਕੀ

ਐਬੇਕਸ ਡਾਟਾ ਦੇ ਸੀਈਓ ਡੇਵਿਡ ਕੋਲੇਟੋ ਨੇ ਆਖਿਆ ਕਿ ਇਸ ਸਰਵੇਖਣ ਵਿੱਚ ਭਾਵੇਂ ਲਿਬਰਲ ਚਾਰ ਅੰਕਾਂ ਨਾਲ ਅੱਗੇ ਪਹੁੰਚ ਗਏ ਲੱਗਦੇ ਹਨ ਪਰ ਜੇ ਉਹ ਚੋਣਾਂ ਜਿੱਤਣੀਆਂ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕਾਫੀ ਕੰਮ ਕਰਨਾ ਹੋਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਇਸੇ ਸਰਵੇਖਣ ਵਿੱਚ ਪਾਇਆ ਗਿਆ ਕਿ 10 ਓਨਟਾਰੀਓ ਵਾਸੀਆਂ ਵਿੱਚੋਂ ਛੇ (59 ਫੀ ਸਦੀ)ਨੂੰ ਡੈਲ ਡੂਕਾ ਬਾਰੇ ਬਹੁਤਾ ਨਹੀਂ ਪਤਾ। ਸਿਰਫ 39 ਫੀ ਸਦੀ ਨੇ ਹੀ ਇਹ ਆਖਿਆ ਕਿ ਉਹ ਹੌਰਵਥ ਨੂੰ ਨਹੀਂ ਜਾਣਦੇ ਤੇ ਸਿਰਫ 15 ਫੀ ਸਦੀ ਨੇ ਆਖਿਆ ਕਿ ਉਹ ਫੋਰਡ ਨੂੰ ਨਹੀਂ ਜਾਣਦੇ। ਜੇ ਨਿਜੀ ਪੌਪੂਲੈਰਿਟੀ ਦੀ ਗੱਲ ਆਉਂਦੀ ਹੈ ਤਾਂ ਯਕੀਨਨ ਇਸ ਮਾਮਲੇ ਵਿੱਚ ਫੋਰਡ ਦਾ ਪੱਲੜਾ ਭਾਰੀ ਹੈ। 41 ਫੀ ਸਦੀ ਦਾ ਕਹਿਣਾ ਹੈ ਕਿ ਉਨ੍ਹਾਂ ਉੱਤੇ ਫੋਰਡ ਦਾ ਸਕਾਰਾਤਮਕ ਪ੍ਰਭਾਵ ਹੈ। ਜਨਵਰੀ ਨਾਲੋਂ ਇਹ ਨੌਂ ਅੰਕ ਵੱਧ ਹੈ।

# ਛੁਰੇਬਾਜ਼ੀ ਕਾਰਨ ਟੀਨੇਜ ਲੜਕਾ ਜ਼ਖ਼ਮੀ

ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਸਿਟੀ ਦੇ ਉੱਤਰ ਵੱਲ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਟੀਨੇਜਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਗਲੈਨ ਪਾਰਕ ਏਰੀਆ ਵਿੱਚ ਸ਼ਾਮੀਂ 5:00 ਵਜੇ ਰੋਸਲਾਅਨ ਤੇ ਮਾਰਲੀ ਐਵਨਿਊ ਪਹੁੰਚੀ। ਜਾਂਚਕਾਰ, ਪੈਰਾਮੈਡਿਕਸ ਨਾਲ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਇੱਕ ਟੀਨੇਜਰ ਮਿ-ਲਆ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਜ਼ਖ਼ਮੀ ਲੜਕੇ ਦੀ ਉਮਰ ਦਾ ਖੁਲਾਸਾ ਨਹੀਂ ਕੀਤਾ ਗਿਆ ਤੇ ਇਸ ਸਮੇਂ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਵੀ ਨਹੀਂ ਮਿਲੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc
UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

## ਸਫਰ ਦੌਰਾਨ ਮਾਸਕ ਸਬੰਧੀ ਨਿਯਮਾਂ ਵਿੱਚ ਨਹੀਂ ਹੋਵੇਗੀ ਕੋਈ ਤਬਦੀਲੀ: ਅਲਘਬਰਾ



ਕੈਲਗਰੀ, 21 ਅਪਰੈਲ (ਪੋਸਟ ਬਿਊਰੋ) : ਕੈਨੇਡਾ ਦੇ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਆਖਿਆ ਕਿ ਟਰੈਵਲ ਕਰਨ ਵਾਲਿਆਂ ਲਈ ਮਾਸਕ ਸਬੰਧੀ ਦਿਸ਼ਾ ਨਿਰਦੇਸ਼ ਪਹਿਲਾਂ ਵਾਂਗ ਹੀ ਜਾਰੀ ਰਹਿਣਗੇ।

ਉਨ੍ਹਾਂ ਆਖਿਆ ਕਿ ਭਾਵੇਂ ਅਮਰੀਕਾ ਦੀ ਇੱਕ ਅਦਾਲਤ (ਫਲੋਰਿਡਾ ਦੀ ਅਦਾਲਤ) ਵੱਲੋਂ ਮਾਸਕ ਸਬੰਧੀ ਨਿਯਮ ਖਤਮ ਕਰਨ ਦਾ ਫੈਸਲਾ ਸੁਣਾਇਆ ਗਿਆ ਹੈ ਪਰ ਅਸੀਂ ਹਾਲ ਦੀ ਘੜੀ ਅਜਿਹਾ ਨਹੀਂ ਕਰਾਂਗੇ। ਮੰਗਲਵਾਰ ਨੂੰ ਕੈਲਗਰੀ ਵਿੱਚ ਅਲਘਬਰਾ ਨੇ ਆਖਿਆ ਕਿ ਉਹ ਅਮਰੀਕਾ ਵਿੱਚ ਫਲੋਰਿਡਾ ਦੀ ਅਦਾਲਤ ਵੱਲੋਂ ਜਹਾਜ਼ਾਂ, ਰੇਲਗੱਡੀਆਂ, ਟੈਕਸੀਆਂ ਤੇ ਹੋਰਨਾਂ ਟਰੈਵਲ ਦੇ ਸਾਧਨਾਂ ਵਿੱਚ ਮਾਸਕ ਪਾਉਣ ਦੇ ਨਿਯਮ ਨੂੰ ਖ਼ਤਮ ਕਰਨ ਦੇ ਫੈਸਲੇ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ ਪਰ ਮਾਸਕ ਸਬੰਧੀ ਸਾਇੰਸ ਨੂੰ ਮੰਨਣਾ ਕੈਨੇਡਾ ਜਾਰੀ ਰੱਖੇਗਾ।

ਉਨ੍ਹਾਂ ਅੱਗੇ ਆਖਿਆ ਕਿ ਸਾਡੇ ਮਾਹਿਰਾਂ ਤੇ ਡਾਕਟਰਾਂ ਵੱਲੋਂ ਡਾਟਾ ਦੇ ਅਧਾਰ ਉੱਤੇ ਦਿੱਤੀ ਗਈ ਸਲਾਹ ਅਨੁਸਾਰ ਅਸੀਂ ਇਹ ਨਿਯਮ ਜਾਰੀ ਰੱਖਾਂਗੇ। ਇਹ ਸਿੱਧ ਹੋ ਚੁੱਕਿਆ ਹੈ ਕਿ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਮਾਸਕ ਅਹਿਮ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਆਖਿਆ ਕਿ ਮਹਾਂਮਾਰੀ ਸਬੰਧੀ ਸਿਹਤ ਮਾਪਦੰਡਾਂ ਦੀ ਲਗਾਤਾਰ ਪੜਚੋਲ ਹੁੰਦੀ ਰਹਿੰਦੀ ਹੈ।

## ਡੈਲ ਡੂਕਾ ਨੇ ਸੱਤਾ ਵਿੱਚ ਆਉਣ ਉੱਤੇ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਦਾ ਪ੍ਰਗਟਾਇਆ ਤਹੱਈਆ

ਓਨਟਾਰੀਓ, 21 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਲਿਬਰਲ ਆਗੂ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ ਹੈ ਕਿ ਜੇ ਜੂਨ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਉਹ ਪ੍ਰੀਮੀਅਰ ਬਣਦੇ ਹਨ ਤਾਂ ਉਹ ਹੈਂਡਗੰਨਜ਼ ਉੱਤੇ ਪਾਬੰਦੀ ਲਾਉਣਗੇ।



ਸਟੀਵਨ ਡੈਲ ਡੂਕਾ ਨੇ ਆਖਿਆ ਕਿ ਸੱਤਾ ਸਾਂਭਣ ਤੋਂ ਇੱਕ ਸਾਲ ਦੇ ਅੰਦਰ ਹੀ ਉਹ ਹੈਂਡਗੰਨਜ਼ ਉੱਤੇ ਪਾਬੰਦੀ ਲਾ ਦੇਣਗੇ। ਲਿਬਰਲ ਆਗੂ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ ਉਹ ਹੈਂਡਗੰਨਜ਼ ਦੀ ਵਿੱਕਰੀ, ਇਨ੍ਹਾਂ ਨੂੰ ਕੋਲ ਰੱਖਣ, ਇਨ੍ਹਾਂ ਦੀ ਟਰਾਂਸਪੋਰਟੇਸ਼ਨ ਤੇ ਹੈਂਡਗੰਨਜ਼ ਦੀ ਸਟੋਰੇਜ ਉੱਤੇ ਰੋਕ ਲਾਉਣਗੇ। ਉਨ੍ਹਾਂ ਆਖਿਆ ਕਿ ਕਈ ਲੋਕਾਂ ਦੀ ਇਨ੍ਹਾਂ ਗੰਨਜ਼ ਕਾਰਨ ਮੌਤ ਹੋ ਚੁੱਕੀ ਹੈ ਤੇ ਕਈਆਂ ਦੇ ਆਪਣੇ ਜਾਨ ਤੋਂ ਹੱਥ ਧੁਆ ਚੁੱਕੇ ਹਨ ਤੇ ਅਸੀਂ ਇਸ ਸਿਲਸਿਲੇ ਉੱਤੇ ਰੋਕ ਲਾਉਣੀ ਚਾਹੁੰਦੇ ਹਾਂ।

ਓਨਟਾਰੀਓ ਦੇ ਲਿਬਰਲਾਂ ਵੱਲੋਂ ਇਹ ਵੀ ਆਖਿਆ ਗਿਆ ਕਿ ਜੇ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਫੈਡਰਲ ਸਰਕਾਰ ਦੇ ਬਾਇ ਬੈਕ ਪ੍ਰੋਗਰਾਮ ਨੂੰ ਫੰਡ ਕਰਨ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨਗੇ ਤੇ ਅਮਰੀਕਾ ਨਾਲ ਲੱਗਦੀ ਓਨਟਾਰੀਓ ਦੀ ਕੌਮਾਂਤਰੀ ਹੱਦ ਤੋਂ ਹੋਣ ਵਾਲੀ ਗੰਨ ਦੀ ਸਮਗਲਿੰਗ ਰੋਕਣ ਵਿੱਚ ਵੀ ਭਾਈਵਾਲੀ ਕਰਨਗੇ। ਲਿਬਰਲਾਂ ਨੇ ਹੈਂਡਗੰਨਜ਼ ਉੱਤੇ ਕੌਮੀ ਪੱਧਰ ਉੱਤੇ ਵੀ ਪਾਬੰਦੀ ਲਾਉਣ ਦੀ ਪੈਰਵੀ ਕੀਤੀ ਤੇ ਆਖਿਆ ਕਿ ਅਜਿਹਾ ਕਰਨ ਨਾਲ ਪ੍ਰੋਵਿੰਸ਼ੀਅਲ ਸਰਹੱਦਾਂ ਰਾਹੀਂ ਗੰਨਜ਼ ਕੈਨੇਡਾ ਵਿੱਚ ਦਾਖਲ ਨਹੀਂ ਹੋ ਸਕਣਗੀਆਂ।

ਇਸ ਦੌਰਾਨ ਫੋਰਡ ਸਰਕਾਰ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਗੰਨ ਹਿੰਸਾ ਡੈਲ ਡੂਕਾ ਦੇ ਵਾਅਦੇ ਨਾਲ ਨਹੀਂ ਹਟਣ ਵਾਲੀ। ਸਾਲੀਸਿਟਰ ਜਨਰਲ ਦੇ ਆਫਿਸ ਨੇ ਆਖਿਆ ਕਿ ਪ੍ਰੋਵਿੰਸ ਵਿੱਚ 80 ਫੀ ਸਦੀ ਗੰਨ ਵਾਇਲੰਸ ਨੂੰ ਗੈਰਕਾਨੂੰਨੀ ਗੰਨਜ਼ ਨਾਲ ਹੀ ਅੰਜਾਮ ਦਿੱਤਾ ਜਾਂਦਾ ਹੈ। ਗੰਨ ਵਾਇਲੰਸ ਨਾਲ ਹੋਣ ਵਾਲੀਆਂ ਅੱਧੀ ਤੋਂ ਵੱਧ ਮੌਤਾਂ ਗੈਂਗ ਨਾਲ ਸਬੰਧਤ ਹਨ।

## ਊਬਰ ਕੈਨੇਡਾ ਨੇ ਡਰਾਈਵਰਾਂ ਤੇ ਯਾਤਰੀਆਂ ਨੂੰ ਮਾਸਕ ਪਾਉਣ ਤੋਂ ਦਿੱਤੀ ਛੋਟ




ਓਟਵਾ, 21 ਅਪਰੈਲ (ਪੋਸਟ ਬਿਊਰੋ) : 22 ਅਪਰੈਲ ਤੋਂ ਊਬਰ ਕੈਨੇਡਾ ਵਿੱਚ ਸਫਰ ਕਰਨ ਵਾਲੇ ਯਾਤਰੀਆਂ ਤੇ ਡਰਾਈਵਰਾਂ ਨੂੰ ਮਾਸਕ ਪਾਉਣ ਤੋਂ ਕੰਪਨੀ ਵੱਲੋਂ ਛੋਟ ਦਿੱਤੀ ਜਾਵੇਗੀ।

ਇਹ ਜਾਣਕਾਰੀ ਊਬਰ ਕੈਨੇਡਾ ਦੇ ਬੁਲਾਰੇ ਨੇ ਮੰਗਲਵਾਰ ਨੂੰ ਈਮੇਲ ਰਾਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਕਿਊਬਿਕ ਨੂੰ ਛੱਡ ਕੇ 22 ਅਪਰੈਲ ਤੋਂ ਕੈਨੇਡਾ ਭਰ ਵਿੱਚ ਊਬਰ ਵਿੱਚ ਸਫਰ ਦੌਰਾਨ ਨਾ ਡਰਾਈਵਰ ਨੂੰ ਤੇ ਨਾ ਹੀ ਸਵਾਰੀ ਨੂੰ ਮਾਸਕ ਪਾਉਣ ਦੀ ਲੋੜ ਹੈ। ਇਹ ਵੀ ਆਖਿਆ ਗਿਆ ਕਿ ਜਦੋਂ ਰਾਈਡ ਸਾਂਝੀ ਕਰਨੀ ਹੋਵੇ ਤਾਂ ਊਬਰ ਕੈਨੇਡਾ ਮਾਸਕ ਪਾਉਣ ਦੀ ਸਲਾਹ ਦਿੰਦਾ ਹੈ।

ਬਿਆਨ ਵਿੱਚ ਆਖਿਆ ਗਿਆ ਕਿ ਹੈਲਥ ਕੈਨੇਡਾ ਦੀ ਸਲਾਹ ਉੱਤੇ, ਊਬਰ ਕੈਨੇਡਾ ਵੱਲੋਂ ਅਜੇ ਵੀ ਇਲਾਕੇ ਵਿੱਚ ਇਨਫੈਕਸ਼ਨ ਦੀ ਦਰ ਨੂੰ ਤੇ ਨਿਜੀ ਰਿਸਕ ਕਾਰਕਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮਾਸਕ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਹ ਵੀ ਆਖਿਆ ਗਿਆ ਕਿ ਡਰਾਈਵਰ ਅਜੇ ਵੀ ਆਪਣੇ ਰਾਈਡਰਜ਼ ਨੂੰ ਮਾਸਕ ਪਾਉਣ ਲਈ ਆਖ ਸਕਦੇ ਹਨ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹ ਟਰਿੱਪ ਰੱਦ ਵੀ ਕਰ ਸਕਦੇ ਹਨ।

## ਪਿੱਕਅੱਪ ਟਰੱਕ ਤੇ ਕਾਰ ਦੀ ਟੱਕਰ ਵਿੱਚ ਦੋ ਜ਼ਖ਼ਮੀ

ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਮਿਮਿਕੋ ਵਿੱਚ ਲੇਕ ਸ਼ੋਰ ਬੁਲੇਵਾਰਡ ਉੱਤੇ ਦੋ ਗੱਡੀਆਂ ਵਿਚਾਲੇ ਹੋਈ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਇਲਾਜ ਲਈ ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ।

ਰਾਤੀਂ 8:15 ਦੇ ਨੇੜੇ ਤੇੜੇ ਲੇਕ ਸ਼ੋਰ ਬੁਲੇਵਾਰਡ ਤੇ ਲੇਕ ਕ੍ਰੀਸੈਂਟ ਇਲਾਕੇ ਵਿੱਚ ਟਰੱਕ ਤੇ ਇੱਕ ਹੋਰ ਗੱਡੀ ਦਰਮਿਆਨ ਹੋਈ ਟੱਕਰ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਟੋਰਾਂਟੋ ਪੈਰਾਮੈਡਿਕ ਸਰਵਿਸ ਨੇ



ਦੱਸਿਆ ਕਿ ਇੱਕ 20 ਸਾਲਾ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਦੂਜੇ ਵਿਅਕਤੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਮੌਕੇ ਤੋਂ ਪ੍ਰਾਪਤ ਤਸਵੀਰਾਂ ਵਿੱਚ ਇੱਕ ਪਿੱਕਅੱਪ ਟਰੱਕ ਨਜ਼ਰ ਆ ਰਿਹਾ ਹੈ, ਜਿਸ ਦਾ ਸਾਹਮਣੇ ਵਾਲਾ ਹਿੱਸਾ ਕਾਫੀ ਨੁਕਸਾਨਿਆ ਹੋਇਆ ਹੈ ਤੇ ਇੱਕ ਹੋਰ ਗੱਡੀ ਨਜ਼ਰ ਆ ਰਹੀ ਹੈ ਜਿਹੜੀ ਬੁਰੀ ਤਰ੍ਹਾਂ ਟੁੱਟੀ ਭੱਜੀ ਪਈ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਹਾਦਸਾ ਕਿੰਨਾ ਜ਼ਬਰਦਸਤ ਸੀ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਛੁਰੇਬਾਜ਼ੀ ਕਾਰਨ 15 ਸਾਲਾ ਸਕੂਲੀ ਬੱਚੀ ਦੀ ਮੌਤ

ਸਟੌਕਟਨ, ਕੈਲੇਫੋਰਨੀਆ, 21 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਹਾਈ ਸਕੂਲ ਦੇ ਕੈਂਪਸ ਵਿੱਚ ਅਚਾਨਕ ਕੀਤੀ ਗਈ ਛੁਰੇਬਾਜ਼ੀ ਕਾਰਨ ਇੱਕ 15 ਸਾਲਾ ਬੱਚੀ ਦੀ ਮੌਤ ਹੋ ਗਈ। ਕੈਲੇਫੋਰਨੀਆ ਦੀ ਸੈਂਟਰਲ ਵੈਲੀ ਵਿੱਚ ਸਥਿਤ ਸਟੌਕਟਨ ਦੇ ਸਟੈਗ ਹਾਈ ਸਕੂਲ ਵਿੱਚ ਸਵੇਰੇ 11:00 ਵਜੇ ਦੇ ਨੇੜੇ ਤੇੜੇ ਇੱਕ ਬੱਚੀ ਨੂੰ ਕਈ ਵਾਰੀ ਚਾਕੂ ਮਾਰੇ ਗਏ। ਇੱਕ ਨਿਊਜ਼ ਕਾਨਫਰੰਸ ਵਿੱਚ ਸਟੌਕਟਨ ਯੂਨੀਫਾਇਡ ਸਕੂਲ ਦੇ ਡਿਸਟ੍ਰਿਕਟ ਸੁਪਰਡੈਂਟ ਜੌਹਨ ਰੈਮੀਰੇਜ਼ ਜੂਨੀਅਰ ਨੇ ਆਖਿਆ ਕਿ ਬੱਚੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉੱਥੇ ਉਸ ਦੀ ਮੌਤ ਹੋ ਗਈ। ਬੱਚੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਹਮਲਾਵਰ, ਜੋ ਕਿ ਆਪਣੇ 40ਵਿਆਂ ਵਿੱਚ ਹੈ, ਨੂੰ ਤੁਰੰਤ ਨਜ਼ਰਬੰਦ ਕਰ ਲਿਆ ਗਿਆ। ਉਸ ਦੇ ਨਾਂ ਦਾ ਵੀ ਖੁਲਾਸਾ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ ਵਿਅਕਤੀ ਸਕੂਲ ਤੱਕ ਗੱਡੀ ਵਿੱਚ ਆਇਆ ਤੇ ਫਿਰ ਉਹ ਕੈਂਪਸ ਦੇ ਗੇਟ ਅੰਦਰ ਦਾਖਲ ਹੋ ਗਿਆ। ਰੈਮੀਰੇਜ਼ ਨੇ ਆਖਿਆ ਕਿ ਇਸ ਤੋਂ ਪਹਿਲਾਂ ਕਿ ਉਸ ਨੂੰ ਸਕਿਊਰਿਟੀ ਤੇ ਸਟਾਫ ਰੋਕ ਪਾਉਂਦਾ, ਉਸ ਨੇ ਹਮਲਾ ਕਰ ਦਿੱਤਾ। ਉਨ੍ਹਾਂ ਆਖਿਆ ਕਿ ਉਹ ਸਕੂਲ ਦੀ ਸਕਿਊਰਿਟੀ ਦਾ ਮੁਲਾਂਕਣ ਕਰ ਰਹੇ ਹਨ।

## ਟਰੇਨ ਟਰੈਕ ਉੱਤੇ ਮਹਿਲਾ ਨੂੰ ਧੱਕਾ ਦੇਣ ਵਾਲੀ ਔਰਤ ਗ੍ਰਿਫਤਾਰ



ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਬਲੂਅਰ-ਯੰਗ ਸਬਵੇਅ ਸਟੇਸ਼ਨ ਦੇ ਟਰੈਕ ਉੱਤੇ ਐਤਵਾਰ ਨੂੰ ਇੱਕ ਮਹਿਲਾ ਵੱਲੋਂ ਦੂਜੀ ਨੂੰ ਧੱਕਾ ਦੇਣ ਦੇ ਮਾਮਲੇ ਵਿੱਚ ਇੱਕ ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸਬਵੇਅ ਸਟੇਸ਼ਨ ਦੇ ਪੱਛਮ ਵਾਲੇ ਪਲੇਟਫਾਰਮ ਉੱਤੇ ਇੱਕ ਮਹਿਲਾ ਵੱਲੋਂ 39 ਸਾਲਾ ਮਹਿਲਾ ਨੂੰ ਧੱਕਾ ਦੇਣ ਤੋਂ ਕੁੱਝ ਸੈਕਿੰਡ ਬਾਅਦ ਹੀ ਰੇਲਗੱਡੀ ਪਹੁੰਚ ਗਈ ਜਿਸ ਕਾਰਨ ਟਰੈਕ ਉੱਤੇ ਡਿੱਗੀ ਮਹਿਲਾ ਫਟਾਫਟ ਉੱਠ ਕੇ ਪਲੇਟਫਾਰਮ ਦੇ ਨਾਲ ਲੱਗ ਕੇ ਖੜ੍ਹੀ ਹੋ ਗਈ ਤੇ ਉਸ ਨੂੰ ਵੱਡੀ ਸੱਟ ਲੱਗਣ ਤੋਂ ਬਚਾਅ ਹੋ ਗਿਆ। ਫਿਰ ਵੀ ਉਸ ਨੂੰ ਕਾਫੀ ਸੱਟ ਲੱਗੀ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ ਗਈ। ਇਸ ਤੋਂ ਤੁਰੰਤ ਬਾਅਦ ਐਮਰਜੰਸੀ ਅਮਲਾ ਰਾਤੀਂ 9:00 ਵਜੇ ਮੌਕੇ ਉੱਤੇ ਪਹੁੰਚਿਆ। ਜਿਸ ਮਹਿਲਾ ਨੇ ਇਸ ਕਾਰੇ ਨੂੰ ਅੰਜਾਮ ਦਿੱਤਾ ਸੀ ਉਹ ਘਟਨਾ ਵਾਲੀ ਥਾਂ ਤੋਂ ਫਰਾਰ ਹੋ ਗਈ। ਪਰ ਸੋਮਵਾਰ ਨੂੰ ਨੌਰਥ ਯੌਰਕ ਦੇ ਫਿੰਚ ਗੋ ਸਟੇਸ਼ਨ ਉੱਤੇ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਇਸ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਮਹਿਲਾ ਦੀ ਪਛਾਣ ਪੁਲਿਸ ਵੱਲੋਂ ਟੋਰਾਂਟੋ ਦੀ 45 ਸਾਲਾ ਐਡਿਥ ਫਰੇਅਨ ਵਜੋਂ ਕੀਤੀ ਗਈ ਹੈ। ਉਸ ਉੱਤੇ ਕਤਲ ਦੀ ਕੋਸ਼ਿਸ਼ ਕਰਨ ਦੇ ਚਾਰਜ ਲਾਏ ਗਏ ਹਨ ਤੇ ਉਸ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਫਰੇਨ ਤੇ ਜਿਸ ਮਹਿਲਾ ਨੂੰ ਟਰੈਕ ਉੱਤੇ ਧੱਕਾ ਦਿੱਤਾ ਗਿਆ ਉਹ ਇੱਕ ਦੂਜੇ ਨੂੰ ਜਾਣਦੀਆਂ ਸਨ ਜਾਂ ਨਹੀਂ।

## ਕੋਵਿਡ-19 ਦੇ ਮਾਮਲਿਆਂ ਵਿੱਚ ਇੱਕ ਵਾਰੀ ਫਿਰ ਦਰਜ ਕੀਤਾ ਜਾ ਰਿਹਾ ਹੈ ਵਾਧਾ

ਰੇਜਾਈਨਾ, 21 ਅਪਰੈਲ (ਪੋਸਟ ਬਿਊਰੋ) : ਕੈਨੇਡਾ ਭਰ ਦੇ ਹਸਪਤਾਲਾਂ ਵਿੱਚ ਇੱਕ ਵਾਰੀ ਫਿਰ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇੱਕ ਮਹੀਨੇ ਤੱਕ ਹੋਰ ਇਹ ਸਿਲਸਿਲਾ ਜਾਰੀ ਰਹਿ ਸਕਦਾ ਹੈ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਡਾਟਾ ਅਨੁਸਾਰ 4 ਅਪਰੈਲ ਤੋਂ 11 ਅਪਰੈਲ ਤੱਕ ਕੈਨੇਡਾ ਭਰ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ 18 ਫੀ ਸਦੀ ਦਾ ਵਾਧਾ ਦਰਜ ਕੀਤਾ ਗਿਆ। ਆਖਰੀ ਹਫਤੇ ਵਿੱਚ ਕਿਊਬਿਕ, ਓਨਟਾਰੀਓ, ਨੋਵਾ ਸਕੋਸ਼ੀਆ ਤੇ ਪ੍ਰੇਰੀਜ਼ ਵਿੱਚ ਕੋਵਿਡ-




19 ਦੇ ਮਾਮਲਿਆਂ ਵਿੱਚ ਵਾਧਾ ਪਾਇਆ ਗਿਆ। ਕੁੱਝ ਪ੍ਰੋਵਿੰਸਾਂ ਵਿੱਚ ਤਾਂ ਆਈਸੀਯੂ ਵਿੱਚ ਭਰਤੀ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ।

ਪ੍ਰੋਵਿੰਸਾਂ ਵੱਲੋਂ ਮੁਹੱਈਆ ਕਰਵਾਏ ਗਏ ਡਾਟਾ ਅਨੁਸਾਰ ਕਿਊਬਿਕ ਵਿੱਚ 2,220 ਲੋਕ ਤੇ ਓਨਟਾਰੀਓ ਵਿੱਚ 1,301 ਲੋਕ ਹਸਪਤਾਲਾਂ ਵਿੱਚ ਦਾਖਲ ਹਨ ਜਦਕਿ ਅਲਬਰਟਾ ਵਿੱਚ 1053, ਸਸਕੈਚਵਨ ਵਿੱਚ 403, ਮੈਨੀਟੋਬਾ ਵਿੱਚ 158 ਤੇ ਨੋਵਾ ਸਕੋਸ਼ੀਆ ਵਿੱਚ 59 ਮਾਮਲੇ ਸਾਹਮਣੇ ਆ ਚੁੱਕੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਓਮਾਈਕ੍ਰੌਨ ਦੇ ਬੀਏ•2 ਸਬ ਵੇਰੀਐਂਟ ਕਾਰਨ ਕਈ ਪ੍ਰੋਵਿੰਸ ਛੇਵੀਂ ਵੇਵ ਦੀ ਜਕੜ ਵਿੱਚ ਹਨ ਪਰ ਇਹ ਵੇਵ ਓਮਾਈਕ੍ਰੌਨ ਦੇ ਅਸਲ ਮਾਮਲਿਆਂ ਜਿੰਨੀਂ ਨਾਟਕੀ ਨਹੀਂ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਜਿਹੜੇ ਲੋਕਾਂ ਦਾ ਮੁਕੰਮਲ ਟੀਕਾਕਰਣ ਹੋ ਚੁੱਕਿਆ ਹੈ ਉਹ ਕੋਵਿਡ-19 ਦੇ ਗੰਭੀਰ ਨਤੀਜਿਆਂ ਤੋਂ ਮਹਿਫੂਜ਼ ਹਨ।

## ਇੱਕ ਮਹਿਲਾ ਵੱਲੋਂ ਦੂਜੀ ਨੂੰ ਰੇਲਵੇ ਟਰੈਕ ਉੱਤੇ ਦਿੱਤਾ ਗਿਆ ਧੱਕਾ, ਮਹਿਲਾ ਜ਼ਖ਼ਮੀ

ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਡਾਊਨਟਾਊਨ ਸਥਿਤ ਟੀਟੀਸੀ ਸਟੇਸ਼ਨ ਉੱਤੇ ਇੱਕ ਮਹਿਲਾ ਨੂੰ ਰੇਲਵੇ ਟਰੈਕ ਉੱਤੇ ਧੱਕਾ ਦੇ ਦਿੱਤਾ ਗਿਆ ਤੇ ਗੱਡੀ ਵੱਲੋਂ ਟੱਕਰ ਵੱਜਣ ਕਾਰਨ ਉਹ ਮਹਿਲਾ ਜ਼ਖ਼ਮੀ ਹੋ ਗਈ।

ਇਹ ਘਟਨਾ ਰਾਤੀਂ 9:00 ਵਜੇ ਯੰਗ ਸਟੇਸ਼ਨ ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਜਦੋਂ ਐਮਰਜੰਸੀ ਅਮਲਾ ਪਹੁੰਚਿਆ ਤਾਂ ਉਨ੍ਹਾਂ ਨੂੰ ਮਹਿਲਾ ਹੋਸ਼ ਵਿੱਚ ਤੇ ਸਾਹ ਲੈਂਦੀ ਮਿਲੀ। ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਹ ਮਹਿਲਾ ਮਸ਼ਕੂਕ ਨੂੰ ਲੱਭ ਰਹੇ ਹਨ ਜਿਸ ਨੂੰ ਸਟੇਸ਼ਨ ਤੋਂ ਭੱਜਦਿਆਂ ਤੇ ਆਖਰੀ ਵਾਰੀ ਬਲੂਅਰ ਸਟਰੀਟ ਉੱਤੇ ਵੇਖਿਆ ਗਿਆ। ਉਸ ਨੇ ਪਿੰਕ ਤੇ ਗ੍ਰੇਅ ਰੰਗ ਦੀ ਹੈਟ, ਪਫੀ ਬਲੈਕ ਜੈਕੇਟ, ਗ੍ਰੇਅ ਹੁਡੀ, ਬਲੈਕ ਪੈਂਟਸ ਵਿੱਚ ਲਾਲ ਰੰਗ ਦੇ ਬੈਗ ਨਾਲ ਵੇਖਿਆ ਗਿਆ।

ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਮਸ਼ਕੂਕ ਨੇ ਮਹਿਲਾ ਨੂੰ ਟਰੈਕ ਉੱਤੇ ਧੱਕਾ ਕਿਉਂ ਦਿੱਤਾ। ਸੇਂਟ ਜਾਰਜ ਤੇ ਬ੍ਰੌਡਵੇਅ ਸਟੇਸ਼ਨਜ਼ ਦਰਮਿਆਨ ਲਾਈਨ 2 ਉੱਤੇ ਸੇਵਾ ਸਸਪੈਂਡ ਕਰ ਦਿੱਤੀ ਗਈ। ਰਾਤੀਂ 11:00 ਵਜੇ ਤੋਂ ਬਾਅਦ ਇੱਥੇ ਨਿਯਮਿਤ ਰੇਲ ਸੇਵਾ ਸ਼ੁਰੂ ਕਰ ਦਿੱਤੀ ਗਈ।

## ਸਿਸਟਮ ਵਿੱਚ ਗੜਬੜੀ ਕਾਰਨ ਸਨਵਿੰਗ ਦੇ ਯਾਤਰੀ ਪੀਅਰਸਨ ਏਅਰਪੋਰਟ ਉੱਤੇ ਫਸੇ

ਓਟਵਾ, 21 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਸਨਵਿੰਗ ਏਅਰਲਾਈਨਜ਼ ਦੇ ਕੰਪਿਊਟਰ ਸਿਸਟਮ ਵਿੱਚ ਹੋਈ ਕਿਸੇ ਗੜਬੜੀ ਕਾਰਨ ਪੀਅਰਸਨ ਏਅਰਪੋਰਟ ਉੱਤੇ




ਕਈ ਫਲਾਈਟਾਂ ਫਸ ਗਈਆਂ।

ਇੱਕ ਬਿਆਨ ਵਿੱਚ ਏਅਰਲਾਈਨ ਨੇ ਆਖਿਆ ਕਿ ਨੈੱਟਵਰਕ ਵਿੱਚ ਆਈ ਕਿਸੇ ਗੜਬੜ ਕਾਰਨ ਚੈੱਕ ਇਨ ਤੇ ਬੋਰਡਿੰਗ ਫੀਚਰਜ਼ ਵਿੱਚ ਦਿੱਕਤ ਆ ਰਹੀ ਹੈ। ਇਸ ਕਾਰਨ ਕਈ ਯਾਤਰੀ ਏਅਰਪੋਰਟ ਉੱਤੇ ਹੀ ਫਸ ਕੇ ਰਹਿ ਗਏ। ਬਿਆਨ ਵਿੱਚ ਆਖਿਆ ਗਿਆ ਕਿ ਇਸ ਸਥਿਤੀ ਦਾ ਸਾਡੇ ਗਾਹਕਾਂ ਉੱਤੇ ਅਸਰ ਪੈ ਰਿਹਾ ਹੈ ਉਸ ਦਾ ਸਾਨੂੰ ਦੁੱਖ ਹੈ।

ਏਅਰਲਾਈਨ ਵੱਲੋਂ ਇਹ ਵੀ ਆਖਿਆ ਗਿਆ ਕਿ ਅਸੀਂ ਜਲਦ ਤੋਂ ਜਲਦ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਕਿ ਅਸੀਂ ਆਪਣੇ ਪੈਸੈਂਜਰਜ਼ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾ ਸਕੀਏ।

## ਐਨਡੀਪੀ ਉਮੀਦਵਾਰ ਨਵਜੀਤ ਕੌਰ ਬਰਾੜ ਨੇ ਖੋਲ੍ਹਿਆ ਕੈਂਪੇਨ ਆਫਿਸ

ਬਰੈਂਪਟਨ, 21 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵੈਸਟ ਤੋਂ ਐਨਡੀਪੀ ਦੀ ਐਮਪੀਪੀ ਉਮੀਦਵਾਰ ਨਵਜੀਤ ਕੌਰ ਬਰਾੜ ਵੱਲੋਂ ਚਿੰਗੁਐਕਸੀ ਰੋਡ, ਬਰੈਂਪਟਨ ਵਿਖੇ ਆਪਣਾ ਕੈਂਪੇਨ ਆਫਿਸ ਖੋਲ੍ਹਿਆ ਗਿਆ।



ਇਸ ਆਫਿਸ ਦੇ ਉਦਘਾਟਨ ਮੌਕੇ ਐਨਡੀਪੀ ਆਗੂ ਜਗਮੀਤ ਸਿੰਘ, ਐਮਪੀਪੀ ਗੁਰਰਤਨ ਸਿੰਘ, ਐਮਪੀਪੀ ਸਾਰਾ ਸਿੰਘ, ਬਰੈਂਪਟਨ ਸਾਊਥ ਤੋਂ ਉਮੀਦਵਾਰ ਐਂਡਰੀਆ ਬੈਰੇਟ, ਬਰੈਂਪਟਨ ਨੌਰਥ ਤੋਂ ਉਮੀਦਵਾਰ ਸੰਦੀਪ ਸਿੰਘ, ਡਫਰਿਨ ਕੇਲਡਨ ਉਮੀਦਵਾਰ ਟੈੱਸ ਪ੍ਰੈਂਡਰਗਾਸਟ ਮੌਜੂਦ ਸਨ। 500 ਲੋਕਾਂ ਦੀ ਹਾਜ਼ਰੀ ਵਿੱਚ ਇਸ ਆਫਿਸ ਦਾ ਉਦਘਾਟਨ ਕੀਤਾ ਗਿਆ। ਵੱਡੀ ਪੱਧਰ ਉੱਤੇ ਮਿਲੇ ਇਸ ਸਮਰਥਨ ਨਾਲ ਨਵਜੀਤ ਨੂੰ ਆਉਣ ਵਾਲੀਆਂ ਪ੍ਰੋਵਿੰਸ਼ੀਅਲ ਚੋਣਾਂ ਲਈ ਲੜਨ ਤੇ ਜਿੱਤਣ ਲਈ ਹੌਸਲਾ ਮਿਲੇਗਾ।

ਆਪਣੇ ਉਦਘਾਟਨੀ ਭਾਸ਼ਣ ਵਿੱਚ ਨਵਜੀਤ ਨੇ ਆਖਿਆ ਕਿ ਬਰੈਂਪਟਨ ਵਿੱਚ ਹੈਲਥਕੇਅਰ ਲਈ ਫੰਡਿੰਗ ਦੀ ਘਾਟ, ਹਾਊਸਿੰਗ ਤੇ ਆਟੋ ਇੰਸ਼ੋਰੈਂਸ ਰੇਟਸ ਵਿੱਚ ਬੇਇੰਤਿਹਾ ਵਾਧੇ ਵਰਗੇ ਮਸਲੇ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਦੀ ਲੋੜ ਹੈ ਤੇ ਉਹ ਅਜਿਹੇ ਅੜਿੱਕਿਆਂ ਨੂੰ ਖ਼ਤਮ ਕਰਕੇ ਬਿਹਤਰ ਬਰੈਂਪਟਨ ਦੇ ਨਿਰਮਾਣ ਲਈ ਰਾਹ ਪੱਧਰਾ ਕਰਨ ਵਾਸਤੇ ਉਪਰਾਲੇ ਕਰਨਗੇ। ਇਸ ਦੌਰਾਨ ਉਨ੍ਹਾਂ ਕਈ ਬਰੈਂਪਟਨ ਵਾਸੀਆਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਸਿਟੀ ਨੂੰ ਬਿਹਤਰ ਬਣਾਉਣ ਲਈ ਆਪਣਾ ਨਜ਼ਰੀਆ ਸਾਂਝਾ ਕੀਤਾ। ਉਨ੍ਹਾਂ 2 ਜੂਨ ਨੂੰ ਚੋਣਾਂ ਵਾਲੇ ਦਿਨ ਸਾਰਿਆਂ ਨੂੰ ਵੋਟ ਪਾਉਣ ਦਾ ਸੱਦਾ ਵੀ ਦਿੱਤਾ।

## ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਸਮਾਗਮਾਂ 'ਚ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਖਾਲਸਾ ਸਾਜਨਾ ਦਿਵਸ ਮੌਕੇ ਅਮਰੀਕਾ ਦੇ ਓਹਾਇਓ ਸੂਬੇ ਦੇ ਸ਼ਹਿਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਸੰਬੰਧੀ ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਏ ਗਏ। ਇਹ ਪਹਿਲੀ ਵਾਰ ਸੀ ਕਿ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਵੀ ਲੰਘਿਆ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ, ਭਾਈ ਨਿਰਮਲ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਵਿਸਾਖੀ ਦੇ ਇਹਨਾਂ ਸਮਾਗਮਾ ਦੌਰਾਨ ਪੂਰਾ ਹਫਤਾ ਭਾਈ ਪਿਆਰਾ ਸਿੰਘ ਪ੍ਰੇਮੀ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾਇਆ ਅਤੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ ਖੂਨ ਦੇ ਟੈਸਟ (ਕਲੌਸਟਰੋਲ, ਸ਼ੁਗਰ), ਬਲੱਡ ਪਰੈਸ਼ਰ, ਦਿਲ ਦੀ ਈਕੇਜੀ, ਅਤੇ ਡਾਕਟਰੀ ਸਲਾਹ ਮਸ਼ਵਰਾ ਵੀ





ਦਿੱਤਾ ਗਿਆ। ਸਿੱਖ ਭਾਈਚਾਰੇ ਦੇ ਡਾਕਟਰੀ ਖਿੱਤੇ ਨਾਲ ਜੁੜੇ ਮੈਂਬਰਾਂ ਨੇ ਇਹ ਸੇਵਾ ਕੀਤੀ। ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ ਅਤੇ ਪਹਿਲੀ ਵਾਰ ਸ਼ਹਿਰ ਵਿੱਚ ਕੱਢੇ ਗਏ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

## ਅੱਜ ਨਾਮਾ

ਸਿੱਧੂ ਅੱਜ ਗਵਰਨਰ ਨੂੰ ਜਾਇ ਮਿਲਿਆ,
ਕਹਿੰਦੇ ਗੱਲ ਸਾਰੀ ਆਇਆ ਦੱਸ ਬੇਲੀ।
ਦੱਸਿਆ ਨਵੀਂ ਹੈ ਬਣੀ ਸਰਕਾਰ ਜਿਹੜੀ,
ਹਾਲਤ ਲੱਗਦੀ ਨਹੀਂ ਓਸ ਦੇ ਵੱਸ ਬੇਲੀ।
ਅਮਨ-ਕਾਨੂੰਨ ਦਾ ਸੁਣੀਂਦਾ ਹਾਲ ਮਾੜਾ,
ਸਕੀ ਸਰਕਾਰ ਨਕੇਲਾਂ ਨਹੀਂ ਕੱਸ ਬੇਲੀ।
ਦੁਖੀ ਬਾਹਲੇ ਆ ਲੋਕ ਇਸ ਰਾਜ ਅੰਦਰ,
ਅਫਸਰੀ ਧਾੜ ਨਹੀਂ ਟੱਸ ਤੋਂ ਮੱਸ ਬੇਲੀ।
ਦੱਸਣੀ ਗੱਲ ਸੀ ਜਿੰਨੀ ਉਹ ਦੱਸ ਆਇਆ,
ਨਿਕਲਣੀ ਓਥੋਂ ਨਾ ਕਦੇ ਕੁਝ ਕਸਰ ਬੇਲੀ।
ਫੜ-ਫੜ ਚਿੱਠੀਆਂ ਦਿੱਲੀ ਵੱਲ ਭੇਜ ਛੱਡੋ,
ਏਦੂੰ ਬਾਹਲਾ ਨਾ ਹੁੰਦਾ ਕੋਈ ਅਸਰ ਬੇਲੀ।

**ਤੀਸ ਮਾਰ ਖਾਂ**

# ਪੰਜਾਬ ਸਰਕਾਰ ਦੀ ਸਖਤੀ, ਰੋਪੜ ਜ਼ਿਲੇ ਵਿੱਚ ਮਾਈਨਿੰਗ ਵਾਲੇ ਕਈ ਕਰੱਸ਼ਰ ਸੀਲ

ਚੰਡੀਗੜ੍ਹ, 21 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਨਾਜਾਇਜ਼ ਮਾਈਨਿੰਗ ਵਿਰੁੱਧ ਕਾਰਵਾਈ ਕਰਦੇ ਹੋਏ ਰੋਪੜ ਜ਼ਿਲ੍ਹੇ ਦੇ ਖੇੜਾ ਕਲਮੋਟ ਵਿਖੇ ਸਾਰੇ ਕਰੱਸ਼ਰਾਂ ਨੂੰ ਸੀਲ ਕਰਨ ਦੇ ਹੁਕਮ ਦਿੱਤੇ ਹਨ।



ਇਹ ਫੈਸਲਾ ਪੰਜਾਬ ਦੇ ਮਾਈਨਿੰਗ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨਾਲ ਅੱਜ ਵੀਰਵਾਰ ਹੋਈ ਮੀਟਿੰਗ ਵਿੱ-ਚਹੋਇਆ। ਸਰਕਾਰੀ ਫੀਸ ਨਾ ਭਰਨ ਵਾਲੇ ਕਰੱਸ਼ਰਾਂ ਨੂੰ ਸੀਲ ਕੀਤਾ ਗਿਆ ਹੈ।ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਹ ਵਿਭਾਗ ਵਿੱਚ ਕਿਸੇ ਕਿਸਮ ਦਾ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰਨਗੇ ਅਤੇ ਰੇਤਾ-ਬੱਜਰੀ ਨੂੰ ਰਿਆਇਤੀ ਦਰਾਂ ਉੱਤੇਲੋਕਾਂ ਨੂੰ ਦਿਵਾਉਣਾ ਯਕੀਨੀ ਕਰਨ ਲਈ ਯਤਨਸ਼ੀਲ ਹਨ।

ਵਰਨਣ ਯੋਗ ਹੈ ਕਿ ਪੰਜਾਬ ਕਾਂਗਰਸ ਨੇ ਦੋਸ਼ ਲਾਇਆ ਸੀ ਕਿ ਇੱਕ ਮਹੀਨਾ ਪਹਿਲਾਂ ਰੇਤ ਦੀ ਟਰਾਲੀ ਦਾ ਮੁੱਲ 4,000 ਰੁਪਏ ਸੀ, ਨਵੀਂ ਸਰਕਾਰ ਬਣਨ ਪਿੱਛੋਂ 9,000 ਰੁਪਏ ਹੋ ਜਾਣ ਨਾਲ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ ਤੇ ਉਸਾਰੀ ਦਾ ਕੰਮ ਠੱਪ ਹੋ ਗਿਆ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਐਲਾਨ ਕੀਤਾ ਕਿ ਛੇ ਮਹੀਨਿਆਂ ਅੰਦਰ ਸਰਕਾਰ ਇਸ ਦੀ ਨਵੀਂ ਨੀਤੀ ਜਾਰੀ ਕਰੇਗੀ। ਪੰਜਾਬ ਦੇ ਮੁੱਖ ਮੰਤਰੀਨੇ ਵਿਭਾਗ ਦੇ ਉੱਚ ਅਫਸਰਾਂ ਨਾਲ ਕੁਝ ਦਿਨ ਪਹਿਲਾਂ ਹੋਈ ਮੀਟਿੰਗ ਵਿੱਚ ਮਾਈਨਿੰਗ ਵਾਲੀ ਥਾਂਹਰ ਸਾਈਟ ਉੱਤੇ ਸੀਸੀਟੀਵੀ ਕੈਮਰੇ ਲਾਉਣ ਦਾ ਹੁਕਮ ਕੀਤਾ ਹੈ।ਉਨ੍ਹਾ ਕਿਹਾ ਸੀ ਕਿ ਮਾਈਨਿੰਗ ਵਾਲੀ ਹਰ ਕਾਨੂੰਨੀ ਥਾਂ ਉੱਤੇ ਬੋਰਡ ਵੀ ਲਾਏ ਜਾਣਗੇ ਤੇ ਡਰੋਨ ਨਾਲ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਮਾਈਨਿੰਗ ਵਾਲੀ ਥਾਂਧਾਂਦਲੀ ਜਾਂ ਗੁੰਡਾਗਰਦੀ ਨਾ ਹੋਵੇ। ਮੀਟਿੰਗ ਵਿੱਚ ਅਫਸਰਾਂ ਨੂੰ 6 ਮਹੀਨਿਆਂ ਵਿੱਚ ਨਵੀਂ ਮਾਈਨਿੰਗ ਨੀਤੀ ਬਣਾਉਣ ਦੇ ਹੁਕਮ ਵੀ ਦਿੱਤੇ ਗਏ। ਪਿਛਲੇ ਨਵੰਬਰ ਵਿੱਚ ਪੰਜਾਬ ਵਿੱਚ ਰੇਤੇ ਦੀ ਕੀਮਤ 9 ਰੁਪਏ ਤੋਂ ਘਟ ਕੇ 5.50 ਰੁਪਏ ਕਿਊਬਿਕ ਫੁੱਟ ਹੋ ਗਈ ਸੀ ਤੇ ਪੰਜਾਬ ਸਰਕਾਰ ਨੇ ਰੇਤ ਤੇ ਬੱਜਰੀ ਦੀ ਰਾਇਲਟੀ ਵੀ 60 ਰੁਪਏ ਟਨ ਤੋਂ ਘਟਾ ਕੇ 18.25 ਰੁਪਏ ਟਨ ਕਰ ਦਿੱਤੀ ਸੀ। ਪੰਜਾਬ ਰਾਜ ਰੇਤ ਅਤੇ ਬੱਜਰੀ ਨੀਤੀ 2018 ਦੇ ਅਨੁਸਾਰ ਹਰ ਤਿੰਨ ਸਾਲਾਂ ਵਿੱਚ ਕੁੱਲ 400 ਲੱਖ ਮੀਟ੍ਰਿਕ ਟਨ ਰੇਤ ਅਤੇ ਬੱਜਰੀ ਦੀ ਪੁੱਟਣ ਦੀ ਆਗਿਆ ਹੈ। ਕਾਨੂੰਨੀ ਤੌਰ ਉੱਤੇਇਸ ਤਰ੍ਹਾਂ ਕੀਤਾ ਜਾਵੇ ਤਾਂ ਹਰ ਸਾਲ ਕਰੋੜਾਂ ਰੁਪਏ ਦੀ ਰਾਇਲਟੀ ਮਿਲ ਸਕਦੀ ਹੈ।

# ਨਵਜੋਤ ਸਿੱਧੂ ਪੰਜਾਬ ਸਰਕਾਰ ਦੇ ਖਿਲਾਫ ਗਵਰਨਰ ਨੂੰ ਮਿਲੇ

*** ਪੰਜਾਬ ਵਿੱਚ ਜਾਨ-ਮਾਲ ਦੀ ਸੁਰੱਖਿਆ ਨਹੀਂ: ਸਿੱਧੂ**



ਚੰਡੀਗੜ੍ਹ, 21 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਦੇਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਗਵਰਨਰ ਬਨਵਾਰੀਲਾਲ ਪੁਰੋਹਿਤ ਨੂੰ ਮੰਗ ਪੱਤਰ ਦੇਕੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਮੁੱਦਾ ਚੁੱਕਿਆ ਤੇ ਕਿਹਾ ਹੈ ਕਿ ਪੰਜਾਬ ਵਿੱਚ ਜਾਨ-ਮਾਲ ਸੁਰੱਖਿਅਤ ਨਹੀਂ।ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਮੁਖੀਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਪੁਲਿਸ ਨੂੰ ਸਿਆਸੀ ਬਦਲਾਖੋਰੀ ਲਈ ਵਰਤ ਰਹੇ ਹਨ।

ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਰਬੜ ਦਾ ਗੁੱਡਾ ਕਹਿ ਕੇ ਇਸ ਬਾਰੇ ਟਵੀਟ ਕੀਤਾ ਤੇ ਕਿਹਾ ਕਿ ਪੰਜਾਬ ਦੇ ਮੁੱਦਿਆਂ ਬਾਰੇ ਲੋਕਾਂ ਦੀ ਅਵਾਜ਼ ਬੁਲੰਦ ਕਰਦੇ ਹੋਏ ਪੰਜਾਬ ਦੇ ਗਵਰਨਰ ਬਨਵਾਰੀਲਾਲ ਪੁਰੋਹਿਤ ਨੂੰ ਮੰਗ ਪੱਤਰ ਸੌਂਪਿਆ ਹੈ। ਉਨ੍ਹਾਂ ਨੇ ਸਾਨੂੰ ਹਲੀਮੀ ਨਾਲ ਸੁਣਿਆ ਤੇ ਕਿਹਾ ਕਿ ਉਹ ਇਸ ਕੇਸ ਨੂੰ ਦੇਖ ਰਹੇ ਹਨ, ਪੰਜਾਬ, ਪੰਜਾਬੀਅਤ ਅਤੇ ਲੋਕਾਂ ਦੇ ਹੱਕਾਂ ਲਈ ਦਿੱਲੀ ਵੀ ਜਾਵਾਂਗੇ।

ਗਵਰਨਰ ਨਾਲ ਮੁਲਾਕਾਤ ਪਿੱਛੋਂਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਪੰਜਾਬ ਦੇ ਮੁੱਦਿਆਂ ਬਾਰੇਮਿਲੇ ਹਨ।ਉਨ੍ਹਾ ਨੇ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੀ ਭਗਵੰਤ ਮਾਨ ਬਾਰੇ ਕਿਹਾ ਕਿ ਸਰਕਾਰ ਚਲਾਉਣੀ ਇਨ੍ਹਾਂ ਦੇ ਵੱਸਵਿੱਚ ਨਹੀਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਵੇਲੇ ਝੂਠੇ ਸੁਪਨੇ ਵਿਖਾਏ, ਪਰ ਚੋਣਾਂ ਪਿੱਛੋਂ ਭਗਵੰਤ ਮਾਨ ਸਰਕਾਰ ਦੇ ਬਿਜਲੀਬਾਰੇ ਫੈਸਲੇ ਨੇ ਭਾਈਚਾਰੇਵਿੱਚ ਵੰਡ ਪਾਈ ਹੈ। ਉਨ੍ਹਾਂ ਕਿਹਾ ਕਿ ਇਸ ਪਾਰਟੀ ਨੇ ਵੱਡੇ ਵਾਅਦੇ ਕਰ ਲਏ, ਪਰ ਇਨ੍ਹਾਂ ਕੋਲ ਰੋਡਮੈਪ ਨਹੀਂ।ਸਿੱਧੂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਤਨਖਾਹ 500 ਕਰੋੜ ਦਾ ਕਰਜ਼ਾ ਲੈ ਕੇ ਦਿੱਤੀ ਤੇ ਥਰਮਲ ਪਲਾਂਟ ਬੰਦ ਹੋ ਰਹੇ ਹਨ ਤਾਂ ਬਿਜਲੀ ਦੀ ਡਿਮਾਂਡ ਕਿਵੇਂ ਪੂਰੀ ਹੋਊ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ 500 ਰੁਪਏ ਬੋਨਸ ਦੇਵੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਜਾਨ-ਮਾਲ ਸੁਰੱਖਿਅਤ ਨਹੀਂ ਤੇ ਪੰਜਾਬ ਦੇ ਪੈਸੇ ਨਾਲ ਹਿਮਾਚਲਵਿੱਚ ਇਸ਼ਤਿਹਾਰ ਦੇ ਰਹੇ ਹਨ। ਉਨ੍ਹਾਂ ਕਿ ਭਗਵੰਤ ਮਾਨ ਰਬੜ ਦਾ ਗੁੱਡਾ ਬਣ ਗਿਆ ਹੈ, ਪੁਲਿਸ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ ਤੇ ਜਿਹੜਾ ਕੋਈ ਵੀ ਕੇਜਰੀਵਾਲ ਦੇ ਖਿਲਾਫ਼ ਬੋਲਦਾ ਹੈ, ਪੰਜਾਬਵਿੱਚ ਪਰਚੇ ਕੀਤੇ ਜਾ ਰਹੇ ਹਨ।

# ਸਾਰਾ ਸਿੰਘ ਦੇ ਨਵੇਂ ਦਫਤਰ ਦਾ ਉਦਘਾਟਨ ਭਲਕੇ




ਬਰੈਂਪਟਨ, 20 ਅਪ੍ਰੈਲ (ਪੋਸਟ ਬਿਊਰੋ)- ਬਰੈਂਪਟਨ ਸੈਂਟਰ ਤੋਂ ਐਨਡੀਪੀ ਉਮੀਦਵਾਰ ਸਾਰਾ ਸਿੰਘ ਆਪਣਾ ਨਵਾਂ ਦਫਤਰ 50 Kennedy Rd S. Brampton, ON, L6W 3E7, Unit 10 Bovaird ਵਿਖੇ ਖੋਲ੍ਹਣ ਜਾ ਰਹ ਹਨ। ਜਿਸ ਦਾ ਉਦਘਾਟਨ ਸ਼ਨੀਵਾਰ 23 ਅਪ੍ਰੈਲ ਨੂੰ ਦੁਪਹਿਰ 12 ਵਜੇ ਕੀਤਾ ਜਾ ਰਿਹਾ ਹੈ।

# ਗੁਰੂ ਸਾਹਿਬਾਨ ਨੇ ਦੇਸ਼ ਦੀ ਸੰਸਕ੍ਰਿਤੀ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ : ਮੋਦੀ

ਨਵੀਂ ਦਿੱਲੀ, 21 ਅਪਰੈਲ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਸਿੱਖ ਗੁਰੂ ਸਾ-ਹਿਬਾਨ ਨੇ ਦੇਸ਼ ਦੀ ਸੰਸਕ੍ਰਿਤੀ ਦੀ ਰੱਖਿਆ ਦੇ ਲਈ ਕੁਰਬਾਨੀਆਂ ਦਿੱਤੀਆਂ ਸਨ। ਸ੍ਰੀਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਲਾਲ ਕਿਲ੍ਹੇਵਿਖੇਕਰਵਾਏ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਹਾ ਕਿ ਗੁਰਦੁਆਰਾ ਸੀਸਗੰਜ ਸਾਹਿਬ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਦੀ ਯਾਦ ਦਿਵਾਉਂਦਾ ਹੈਅਤੇ ਇਸ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੀ ਪਰੰਪਰਾ ਨੂੰ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ ਸੀ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਡਾਕ ਟਿਕਟ ਤੇ ਸਿੱਕਾ ਵੀ ਜਾਰੀ ਕੀਤਾ।



ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸ਼ਬਦ ਕੀਰਤਨ ਸੁਣ ਕੇ ਮਿਲੀ ਸ਼ਾਂਤੀਨੂੰ ਸ਼ਬਦਾਂਵਿੱਚ ਪ੍ਰਗਟ ਕਰਨਾ ਮੁਸ਼ਕਲ ਹੈ। ਉਨ੍ਹਾਂ ਗੁਰਪੁਰਬਮੌਕੇ ਡਾਕ ਟਿਕਟ ਤੇ ਸਿੱਕਾ ਜਾਰੀ ਕਰਨਬਾਰੇ ਕਿਹਾ ਕਿ ਇਹ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰਖ਼ੁਸ਼ੀ ਹੈ ਕਿ ਅੱਜ ਸਾਰਾ ਦੇਸ਼ ਗੁਰੂ ਸਾਹਿਬ ਦੇ ਆਦਰਸ਼ਾਂ ਉੱਤੇ ਅੱਗੇ ਵਧ ਰਿਹਾ ਹੈ ਤੇ ਆਜ਼ਾਦ ਹਿੰਦੁਸਤਾਨ ਆਪਣੇ ਫ਼ੈਸਲੇ ਖ਼ੁਦ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਪ੍ਰੰਪਰਾ ਦੀ ਰਾਖੀ ਲਈ ਗੁਰੂ ਸਾਹਿਬਾਨ ਨੇ ਕੁਰਬਾਨੀਆਂ ਦਿੱਤੀਆਂ ਸਨ ਤੇ ਅੱਜ ਦੇਸ਼ ਆਜ਼ਾਦੀ ਦੇ ਮਹਾਉਤਸਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਇਕੱਠੇ ਮਨਾ ਰਿਹਾ ਹੈ।

ਦੂਸਰੇ ਪਾਸੇ ਅੱਜ 15ਵੇਂ ਸਿਵਲ ਸੇਵਾ ਦਿਵਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਦੇਸ਼ ਦੇ ਅਫਸਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ।ਉਨ੍ਹਾਂ ਕਿਹਾ ਕਿ ਕੁਝ ਫ਼ੈਸਲੇ ਲੋਕ ਲੁਭਾਉਣੇ ਹੋ ਸਕਦੇ ਹਨ, ਕੁਝ ਵਕਤੀ ਤੌਰ ਉੱਤੇਵਿਸ਼ੇਸ਼ ਖੇਤਰ ਦੇ ਲੋਕਾਂ ਨੂੰ ਚੰਗੇ ਲੱਗ ਸਕਦੇ ਹਨ, ਪਰ ਜ਼ਮੀਨੀ ਪੱਧਰ ਉੱਤੇ ਅਧਿਕਾਰੀਆਂ ਨੂੰ ਪਹਿਲਾਂ ਯਕੀਨੀ ਕਰਨਾ ਹੋਵੇਗਾ ਕਿ ਉਸ ਫ਼ੈਸਲੇ ਦਾ ਭਵਿੱਖਵਿੱਚ ਦੇਸ਼ ਦੀ ਅਖੰਡਤਾ ਉੱਤੇ ਮਾੜਾ ਅਸਰ ਨਾ ਪਵੇ।ਪ੍ਰਧਾਨ ਮੰਤਰੀ ਮੋਦੀ ਨੇ ਅਫਸਰਾਂਅੱਗੇ ਤਿੰਨ ਟੀਚੇ ਰੱਖੇ। ਪਹਿਲਾ, ਅਜਿਹਾ ਕੰਮ ਕਰੋ, ਜਿਸ ਨਾਲ ਆਮ ਲੋਕਾਂ ਦੀ ਜ਼ਿੰਦਗੀਵਿੱਚ ਆਸਾਨ ਤੇ ਸੁਖਾਵਾਂ ਬਦਲਾਅ ਆਵੇ। ਦੂਸਰਾ, ਭਾਰਤ ਦੇ ਵਧਦੇ ਕੱਦ ਤੇ ਬਦਲਦੀ ਭੂਮਿਕਾ ਦੇਖਦੇ ਹੋਏ ਜੋ ਯੋਜਨਾਵਾਂ ਤੇ ਸ਼ਾਸਨ ਮਾਡਲ ਵਿਕਸਤ ਕਰੋ, ਵਿਸ਼ਵ ਸੰਬੰਧਵਿੱਚ ਕਰੋ ਅਤੇ ਤੀਸਰਾ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਪਹਿਲ ਉੱਤੇ ਰੱਖੋ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਏਕਤਾ ਅਤੇ ਅਖੰਡਤਾ ਦੀ ਯਾਦ ਦਿਵਾਈ। ਉਨ੍ਹਾਂ ਕਿਹਾ ਕਿ ਜ਼ਿਲ੍ਹੇਵਿੱਚ ਕੋਈ ਫ਼ੈਸਲਾ ਲਓ ਤਾਂ ਧਿਆਨ ਰੱਖੋ ਕਿ ਇਸ ਦਾ ਨਤੀਜਾ ਦੇਸ਼ ਦੀ ਅਖੰਡਤਾ ਉੱਤੇ ਮਾੜਾ ਅਸਰ ਨਾ ਪਾਉਂਦਾ ਹੋਵੇ। ਹਰ ਫ਼ੈਸਲਾ ਅਜਿਹਾ ਲਓ, ਜਿਸਵਿੱਚ ਨੇਸ਼ਨ ਫਸਟ ਦੀ ਛਾਪ ਹੋਵੇ।

# ਮਾਮਲਾ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟਾਂ ਦਾ: ਕਿਰਤੀ ਕਿਸਾਨ ਯੂਨੀਅਨ ਵੱਲੋਂ ਅੰਦੋਲਨ ਕਰਨ ਦੀ ਚਿਤਾਵਨੀ

*** ਖਜ਼ਾਨਾ ਮੰਤਰੀ ਨੇ ਕਿਹਾ: ਕਿਸੇ ਕਿਸਾਨ ਦੀ ਗ੍ਰਿਫ਼ਤਾਰੀ ਨਹੀਂ ਹੋਵੇਗੀ**

ਚੰਡੀਗੜ੍ਹ, 21 ਅਪਰੈਲ, (ਪੋਸਟ ਬਿਊਰੋ)- ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੇ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟਾਂ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਕਰਜ਼ੇ ਉੱਤੇ ਲੀਕ ਮਾਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਫਸਲ ਦੇ ਘੱਟ ਝਾੜ ਕਰਕੇ ਮੁਸ਼ਕਲਵਿੱਚ ਫਸੇ ਕਿਸਾਨਾਂ ਨੂੰ ਰਾਹਤ ਦੀ ਆਸ ਸੀ, ਪਰ ਸਰਕਾਰ ਕਿਸਾਨਾਂ ਨੂੰ ਜੇਲ੍ਹ ਭੇਜਣ ਲੱਗੀ ਹੈ।



ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਕਿਸਾਨ ਜਥੇਬੰਦੀਆਂ ਨਾਲ ਆਖਰੀ ਬੈਠਕਮੌਕੇ ਵਾਅਦਾ ਕੀਤਾ ਸੀ ਕਿ ਖੇਤੀ ਵਿਕਾਸ ਬੈਂਕ ਨੂੰ ਕਰਜ਼ਾ ਮਾਫੀ ਦੇ ਘੇਰੇਵਿੱਚ ਲਿਆਂਦਾ ਜਾਵੇਗਾ, ਪਰ ਇਸ ਦੇ ਉਲਟ ਹੋ ਰਿਹਾ ਹੈ।ਉਨ੍ਹਾ ਕਿਹਾ ਨੇ ਪਿਛਲੀ ਸਰਕਾਰ ਨੇ ਕਿਸਾਨਾਂ ਤੋਂ ਬੈਂਕਾਂ ਵੱਲੋਂ ਖਾਲੀ ਚੈੱਕ ਲੈਣ ਅਤੇ ਚੈੱਕ ਫੇਲ੍ਹ ਦੇ ਕੇਸ ਅਦਾਲਤਾਂਵਿੱਚਪੇਸ਼ ਨਾ ਕਰਨ ਦਾ ਵਾਅਦਾ ਕੀਤਾ ਸੀ, ਪਰ 20 ਹਜ਼ਾਰ ਦੇ ਕਰੀਬ ਕਿਸਾਨਾਂ ਉੱਤੇ ਅਦਾਲਤਾਂ ਵਿੱਚ ਕੇਸ ਚੱਲ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਜ਼ਾਰਾਂ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਦੱਸਦੇ ਹਨ ਕਿ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਰਗੀ ਹੈ। ਯੂਨੀਅਨ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਜੇ ਕਰਜ਼ਾਈ ਕਿਸਾਨਾਂ ਦੇ ਵਾਰੰਟ ਨਾ ਰੋਕੇ ਤੇ ਗ੍ਰਿਫ਼ਤਾਰੀਆਂ ਹੋਈਆਂ ਤਾਂ ਪੰਜਾਬ ਸਰਕਾਰ ਕਿਸਾਨ ਅੰਦੋਲਨ ਦਾ ਸਾਹ-ਮਣਾ ਕਰਨ ਲਈ ਸਰਕਾਰ ਤਿਆਰ ਰਹੇ।

ਦੂਸਰੇ ਪਾਸੇ ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਕਿਸੇ ਵੀ ਕਿਸਾਨ ਦੀ ਗ੍ਰਿਫ਼ਤਾਰੀ ਨਹੀਂ ਹੋਵੇਗੀ। ਉਨ੍ਹਾਂ ਨੇ ਕਿਸਾਨਾਂ ਤੋਂ ਕਰਜ਼ਾ-ਵਸੂਲੀ ਦੇ ਗ੍ਰਿਫ਼ਤਾਰੀ ਵਾਰੰਟਾਂ ਬਾਰੇ ਕਿਹਾ ਕਿ ਇਹ ਵਾਰੰਟ ਕਾਂਗਰਸ ਦੀਪਿਛਲੀ ਸਰਕਾਰਦੇਜਾਰੀ ਕੀਤੇ ਸਨ। ਚੀਮਾ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਕਿਸਾਨਾਂ ਨੂੰ ਕਿਹਾ ਕਿ ਉਨ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ, ਪਰ ਮੁਆਫ਼ ਕੀ ਕਰਨੇ ਸਨ, ਜਾਣ ਵੇਲੇ ਉਹ ਕਿਸਾਨਾਂ ਦੇ ਗ੍ਰਿਫ਼ਤਾਰੀ ਵਾਰੰਟ ਬਣਾ ਗਈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਕਿਸੇਕਿਸਾਨ ਦੀ ਗ੍ਰਿਫ਼ਤਾਰੀ ਨਹੀਂ ਕਰੇਗੀ, ਕਿਸਾਨਾਂ ਨੂੰ ਡਰਨ ਦੀ ਲੋੜ ਨਹੀਂ ਤੇ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਿਵੇਂ ਕਰਨਾ ਹੈ, ਇਸ ਦੇ ਲਈ ਪੰਜਾਬ ਸਰਕਾਰਛੇਤੀ ਹੀ ਨਵੀਂ ਨੀਤੀ ਬਣਾਵੇਗੀ।

# ਵਿਰੋਧੀ ਗੈਂਗਸਟਰਾਂ ਦੇ ਡਰੋਂ ਪੁਨੀਤ ਨੇ ਭਰਾ ਦਾ ਵਿਆਹ ਕਰਵਾ ਕੇ ਵਿਦੇਸ਼ ਭੇਜਿਆ


*** ਏਅਰਪੋਰਟ ਜਾਣ ਸਮੇਂ ਭਰਾ ਨੂੰ ਸੋਨੀਪਤ ਵਿੱਚ ਪੈਸੇ ਦਿਤੇ**

ਜਲੰਧਰ, 21 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਸਮੇਂ ਵਿੱਚ ਹੋਏ ਤਿੰਨ ਕਤਲਾਂ ਵਿੱਚ ਸ਼ਾਮਲ ਤੇ ਗੁਰੂਗ੍ਰਾਮ ਦੇ ਮਸ਼ਹੂਰ ਗੈਂਗਸਟਰ ਕੌਸ਼ਲ ਦਾ ਸੱਜਾ ਹੱਥ ਮੰਨੇ ਜਾਂਦੇ ਪੁਨੀਤ ਸ਼ਰਮਾ ਨੇ ਆਪਣੇ ਭਰਾ ਨੂੰ ਵਿਦੇਸ਼ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਉਸ ਨੇ ਕਰਤਾਰਪੁਰ ਨੇੜੇ ਉਸਦਾ ਵਿਆਹ ਕਰਵਾਇਆ, ਜਿੱਥੇ ਪੁਨੀਤ ਖ਼ੁਦ ਭੇਸ ਬਦਲ ਕੇ ਆਇਆ ਸੀ। ਫਿਰ ਸ਼ਹਿਰ ਦੇ ਇੱਕ ਪ੍ਰਸਿੱਧ ਟਰੈਵਲ ਏਜੰਟ ਤੋਂ 30 ਲੱਖ ਰੁਪਏ ’ਚ ਵੀਜ਼ਾ ਲੁਆ ਕੇ ਉਸ ਨੇ ਆਪਣੇ ਭਰਾ ਤੇ ਭਾਬੀ ਨੂੰ ਵਿਦੇਸ਼ ਭੇਜ ਦਿੱਤਾ।ਸੂਤਰਾਂ ਮੁਤਾਬਕ ਪੁਨੀਤ ਨੂੰ ਡਰ ਸੀ ਕਿ ਉਸਦੇ ਵਿਰੋਧੀ ਗੈਂਗਸਟਰ ਉਸ ਦਾ ਗੁੱਸਾ ਕੱਢਣ ਲਈ ਉਸਦੇ ਭਰਾ ਉੱਤੇ ਹਮਲਾ ਕਰ ਸਕਦੇ ਹਨ। ਪੁਲਸ ਵੀ ਉਸ ਦੇ ਭਰਾ ਉੱਤੇ ਕਿਸੇ ਤਰ੍ਹਾਂ ਦਾ ਦਬਾਅ ਨਾ ਪਾਵੇ, ਇਸ ਕਰ ਕੇ ਉਸ ਨੇ ਉਸਦਾ ਵਿਆਹ ਕਰਵਾ ਕੇ ਜਲਦਬਾਜ਼ੀ ਵਿੱਚ ਵਿਦੇਸ਼ ਭੇਜ ਦਿੱਤਾ।

ਦੱਸਿਆ ਗਿਆ ਹੈ ਕਿ ਪੁਨੀਤ ਦਾ ਭਰਾ ਜਦੋਂ ਦਿੱਲੀ ਏਅਰਪੋਰਟ ਉੱਤੇ ਗਿਆ ਤਾਂ ਪੁਨੀਤ ਖੁਦ ਉਸ ਨੂੰ ਸੋਨੀਪਤ ਵਿੱਚ ਮਿਲਿਆ ਅਤੇ ਪੈਸੇ ਵੀ ਦਿੱਤੇ। ਉਦੋਂ ਪੁਨੀਤ ਨਾਲ ਦੋ ਹੋਰ ਗੱਡੀਆਂ ਸਨ, ਜਿਨ੍ਹਾਂ ਵਿੱਚ ਅਸਲੇ ਨਾਲ ਲੈਸ ਸਾਥੀ ਗੈਂਗਸਟਰ ਸਨ।

# ਪੰਜਾਬ ਵਿੱਚ ਬਿਜਲੀ ਦੇ ਵੱਡੇ ਬਕਾਏਦਾਰਾਂ ਤੋਂ 15 ਦਿਨਾਂ ਵਿੱਚ ਬਕਾਏ ਵਸੂਲਣ ਦੇ ਹੁਕਮ ਜਾਰੀ

ਚੰਡੀਗੜ੍ਹ, 21 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਲੋਕਾਂ ਵਾਸਤੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਸਕੀਮ ਲਾਗੂ ਕਰਨ ਦੀ ਜ਼ਿੰਮੇਵਾਰੀ ਐਡੀਸ਼ਨਲ ਚੀਫ ਸੈਕਟਰੀ (ਏਸੀਐੱਸ) ਏ. ਵੇਣੂ ਪ੍ਰਸਾਦ ਨੂੰ ਸੌਂਪੀ ਹੈ, ਜਿਹੜੇ ਇਸ ਸਮੇਂ ਪੰਜਾਬ ਪਾਵਰਕਾਮ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਹਨ। ਇਸ ਮੌਕੇਮੁੱਖ ਮੰਤਰੀ ਨੇ ਬਿਜਲੀ ਬਿੱਲ ਨਾ ਭਰਨ ਵਾਲੇ ਵੱਡੇ ਬਕਾਏਦਾਰਾਂ ਦੀ ਸੂਚੀ ਮੰਗੀ ਅਤੇ ਪੰਦਰਾਂ ਦਿਨਾਂ ਵਿੱਚ ਵੱਡੇ ਬਕਾਏਦਾਰਾਂ, ਜਿਨ੍ਹਾਂ ਵੱਲ ਲੱਖਾਂ ਰੁਪਏ ਦੇ ਬਕਾਏ ਖੜੇ ਹਨ, ਤੋਂ ਵਸੂਲੀ ਕਰਨ ਦਾ ਹੁਕਮ ਦਿੱਤਾ ਹੈ।



ਅੱਜ ਸਰਕਾਰ ਵੱਲੋਂ ਦਿੱਤੀ ਸੂਚਨਾ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਨੇਪੰਜਾਬ ਦੇ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਡਿਫਾਲਟਰਾਂ ਦੀ ਸੂਚਨਾ ਦੇਣ ਲਈ ਕਿਹਾ ਤੇ ਸਾਰੇ ਡਿਫਾਲਟਰਾਂ ਤੋਂ 15 ਦਿਨਾਂ ਦੇ ਅੰਦਰ ਬਕਾਇਆ ਬਿੱਲਾਂ ਦੀ ਵਸੂਲੀ ਕਰਨ ਦੇ ਹੁਕਮ ਦਿੱਤੇ ਹਨ। ਇਸ ਆਧਾਰ ਉੱਤੇ ਏ. ਵੇਣੂਪ੍ਰਸਾਦ ਨੇ ਪੰਜਾਬ ਪਾਵਰਕੌਮ ਨੂੰ ਪੱਤਰ ਜਾਰੀ ਕਰਕੇ ਤੇਜ਼ੀ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕਰਦਿੱਤੇ ਹਨ।

ਮੁੱਖ ਮੰਤਰੀ ਪੰਜਾਬ ਦੇ ਐਡੀਸ਼ਨਲ ਚੀਫਸੈਕਟਰੀਏ.ਵੇਣੂਪ੍ਰਸਾਦ ਦੇ ਇਸ ਪੱਤਰ ਉੱਤੇ ਪੰਜਾਬ ਪਾਵਰਕੌਮ ਦੇ ਸੀਐੱਮਡੀ (ਇੰਜੀਨੀਅਰ) ਬਲਦੇਵ ਸਿੰਘ ਸਰਾਂ ਨੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰਪੱਤਰ ਜਾਰੀ ਕੀਤਾ ਹੈ ਕਿ ਮੁੱਖ ਮੰਤਰੀ ਨੇ 1 ਜੁਲਾਈ 2022 ਤੋਂ ਪੰਜਾਬ ਦੇ ਸਾਰੇ ਘਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਬਿਜਲੀ ਮੁਫਤ ਦੇਣ ਦਾ ਐਲਾਨ ਕੀਤਾ ਤੇ ਦੋ ਕਿਲੋਵਾਟ ਤੱਕ ਦੇ ਲੋਡ ਵਾਲੇ ਸਾਰੇ ਘਰੇਲੂ ਖਪਤਕਾਰਾਂ ਨੂੰ 31 ਦਸੰਬਰ 2021 ਤੱਕ ਰਹਿੰਦੇ ਬਾਕੀਬਿੱਲਾਂ ਨੂੰ ਮੁਆਫ ਕਰਨ ਨੂੰ ਕਿਹਾ ਹੈ।ਮੁੱਖ ਮੰਤਰੀ ਨੇ ਬਿਜਲੀ ਵਿਭਾਗ ਦੇ ਮੀਟਰ ਰੀਡਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਬਿਜਲੀ ਮੀਟਰਾਂ ਦੀ ਰੀਡਿੰਗ ਲਗਾਤਾਰਕਰਵਾਈ ਜਾਵੇ ਤੇ ਜੇ ਕਿਤੇ ਬਿਜਲੀ ਮੀਟਰ ਦੀ ਗਲਤ ਰੀਡਿੰਗ ਦਾ ਕੇਸ ਪਤਾ ਲੱਗਾ ਤਾਂ ਸਬੰਧਤ ਮੀਟਰ ਰੀਡਰ ਜ਼ਿੰਮੇਵਾਰ ਹੋਵੇਗਾ ਤੇ ਉਸ ਉੱਤੇ ਕਾਰਵਾਈ ਕੀਤੀ ਜਾਵੇਗੀ।ਇਸ ਦੇ ਨਾਲ ਹੀ ਉਨ੍ਹਾਂ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਲੋਕਾਂ ਵੱਲ ਲੱਖਾਂ ਰੁਪਏ ਦੇ ਮੋਟੇ ਬਿਜਲੀ ਬਕਾਏ ਖੜੇ ਹਨ, ਉਨ੍ਹਾਂ ਤੋਂ ਬਕਾਏ ਛੇਤੀ ਵਸੂਲ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਜਾਵੇ, ਪਰ ਕਿਸੇ ਨੂੰ ਐਵੇਂ ਪ੍ਰੇਸ਼ਾਨ ਨਾ ਕੀਤਾ ਜਾਵੇ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਗੁਰੂ ਤੇਗ ਬਹਾਦੁਰ ਜੀ ਤੋਂ ਮਾਨਸਿਕ ਮੁਕਤੀ ਦਾ ਸਬਕ

ਸੱਚੇ ਗੁਰੂ ਸਹਿਬਾਨ ਧਰਤ ਉੱਤੇ ਅਵਤਾਰ ਕਿਉਂ ਧਰਨ ਕਰਦੇ ਹਨ, ਇਸ ਵਰਤਾਰੇ ਦੇ ਅਸਲ ਮਰਮ ਦਾ ਸਾਡੇ ਵਰਗੇ ਸਾਧਾਰਨ ਬੁੱਧੀ ਵਾਲੇ ਮਨੁੱਖਾਂ ਵੱਲੋਂ ਅਨੁਮਾਨ ਲਾਉਣਾ ਔਖਾ ਕਾਰਜ ਹੈ। ਪਰ ਜੇ ਅਸੀਂ ਕਿਸੇ ਮਹਾਂਪੁਰਖ ਦੇ ਇੱਕ ਗੁਣ ਜਾਂ ਇੱਕ ਸੁਨੇਹੇ ਨੂੰ ਵੀ ਧਾਰਨ ਕਰ ਲਈਏ ਤਾਂ ਜੀਵਨ ਸੁਖਮਈ ਹੋ ਸਕਦਾ ਹੈ। ਅਸੀਂ ਆਧੁਨਿਕ ਸਮਾਜ ਦੀ ਗੱਲ ਕਰੀਏ ਤਾਂ ਹਰ ਪੰਜਵਾਂ ਕੈਨੇਡੀਅਨ ਮਾਨਸਿਕ ਵਿਗਾੜ ਦਾ ਸ਼ਿਕਾਰ ਹੈ। ਬੇਸਮਝ ਦੌੜ ਭੱਜ ਕਾਰਣ ਸਮਾਜ ਅਤੇ ਪਰਿਵਾਰਾਂ ਦੀ ਹੋ ਰਹੀ ਟੁੱਟ ਭੱਜ ਨੇ ਕੈਨੇਡੀਅਨ ਸਮਾਜ ਨੂੰ ਉਸ ਮੋੜ ਉੱਤੇ ਲਿਆ ਖੜਾ ਕੀਤਾ ਹੈ ਜਿੱਥੇ ਸਮਾਜ ਅਤੇ ਪਰਿਵਾਰ ਦੋਵੇਂ ਹੀ ਵਿਘਟਨ ਦਾ ਸ਼ਿਕਾਰ ਹੋਏ ਜਾਪਦੇ ਹਨ। ਕੀ ਇਹ ਸਹੀ ਸਮਾਂ ਨਹੀਂ ਕਿ ਗੁਰੂ ਤੇਗ ਬਹਾਦੁਰ ਸਾਹਿਬ ਜੀ ਵੱਲੋਂ ਉਚਾਰੇ 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥ ਸ਼ਬਦ ਨੂੰ ਜੀਵਨ ਦਾ ਕੇਂਦਰੀ ਨੁਕਤਾ ਬਣਾ ਲਿਆ ਜਾਵੇ?

ਗੁਰੂ ਸਾਹਿਬ ਦੇ ਚਿੰਤਾ ਮੁਕਤ ਹੋਣ ਦੇ ਸੁਨੇਹੇ ਨੂੰ ਸਹੀ ਅਰਥਾਂ ਅਤੇ ਸਹੀ ਭਾਵਨਾ ਨਾਲ ਸਮਝਣ ਲਈ ਸਾਡਾ ਚਿੰਤਾ, ਭੈਅ, ਡਰ, ਈਰਖਾ, ਮਨ ਬੁੱਧੀ ਦੇ ਮਾਇਆ ਜਾਲ ਤੋਂ ਮੁਕਤ ਹੋਣਾ ਲਾਜ਼ਮੀ ਹੈ। ਸਾਡੇ ਆਪਣੇ ਪਰਿਵਾਰਾਂ ਦੇ ਹਾਲਾਤਾਂ, ਆਲੇ ਦੁਆਲੇ ਪੱਸਰੇ ਸਮਾਜਿਕ ਪਸਾਰੇ, ਬਿਜਨਸ ਅਦਾਰਿਆਂ ਦੇ ਮਾਹੌਲ ਨੂੰ ਵੇਖਦੇ ਨਿਰਾਸ਼ਾ ਹੀ ਹਾਸਲ ਹੁੰਦੀ ਹੈ। ਆਪਣੇ ਹੀ ਪਰਿਵਾਰਕ ਮੈਂਬਰਾਂ ਨਾਲ ਅਣਬਣ, ਪੜੌਸੀਆਂ ਨਾਲ ਸਾੜ੍ਹਾ, ਪਰਾਏ ਧਨ ਦੌਲਤ ਉੱਤੇ ਅੱਖ ਰੱਖਣ ਵਾਲੇ ਅਸੀਂ ਲੋਕ ਗੁਰੂ ਸਾਹਿਬ ਦਾ ਜਨਮ ਦਿਵਸ ਮਨਾਉਣ ਦੇ ਕਿੰਨੇ ਕੁ ਹੱਕਦਾਰ ਹੋ ਸਕਦੇ ਹਾਂ? ਉਹਨਾਂ ਦੇ ਵੈਰਾਗਮਈ ਸ਼ਬਦਾਂ ਨੂੰ ਗਾਉਣਾ, ਹਿੰਦ ਦੀ ਚਾਦਰ ਆਖ ਉਹਨਾਂ ਦੀ ਸ਼ਹਾਦਤ ਨੂੰ ਨਤਮਸਤਕ ਹੋਣਾ ਮਹਾਨ ਧਾਰਨਾਵਾਂ ਹਨ ਪਰ ਸ਼ਾਇਦ ਇਸਤੋਂ ਵੀ ਮਹਾਨ ਹੋਵੇਗਾ ਉਹਨਾਂ ਦੇ ਕਾਇਨਾਤੀ ਸੁਨੇਹੇ ਦੇ ਕਿਸੇ ਇੱਕ ਕਿਣਕੇ ਨੂੰ ਮਨ ਵਿੱਚ ਧਾਰਨ ਕਰਨਾ। ਜੇ ਗੁਰੂ ਸਾਹਿਬ ਆਪਣੀ ਸ਼ਹਾਦਤ ਦੇ ਬਲਬੂਤੇ ਸਮੁੱਚੀ ਲੋਕਾਈ ਨੂੰ ਜ਼ਬਰ ਜ਼ੁਲਮ ਤੋਂ ਨਿਜ਼ਾਤ ਦਿਵਾਉਣ ਦੀ ਨੀਂਹ ਰੱਖ ਸਕਦੇ ਹਨ ਤਾਂ ਅਸੀਂ ਖੁਦ ਅੰਦਰ ਲੁਕੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਹੰਭਲਾ ਕਿਉਂ ਨਹੀਂ ਮਾਰ ਸਕਦੇ?

ਗੁਰੂ ਸਾਹਿਬਾਨਾਂ ਦੇ ਜਨਮ, ਜੀਵਨ ਬਿਰਤਾਂਤ ਅਤੇ ਹੋਰ ਘਟਨਾਵਾਂ ਦੇ ਇਤਿਹਾਸ ਬਾਰੇ ਜਾਨਣਾ ਚੰਗੀ ਗੱਲ ਹੈ ਪਰ ਉਸਤੋਂ ਵੀ ਚੰਗਾ ਹੋਵੇਗਾ ਉਹ ਕੰਮ ਕਰਨਾ ਜਿਸਦੀ ਉਹਨਾਂ ਨੂੰ ਸਾਡੇ ਤੋਂ ਉਮੀਦ ਸੀ। ਪਰ ਇਹ ਸੰਭਵ ਕਿਵੇਂ ਹੋਵੇ? ਕੀ ਇਹ ਗੁਰਬਾਣੀ ਦਾ ਪ੍ਰਚਾਰ ਕਰਨ ਵਾਲੇ ਧਾਰਮਿਕ ਕਾਰਜਕਰਤਾ (ਰੀਲੀਜੀਅਸ ਵਰਕਰਜ਼) ਦੁਆਰਾ ਵੀਜ਼ੇ ਦੀਆਂ ਸ਼ਰਤਾਂ ਤੋੜ ਰਿਫਿਊਜੀ ਬਣਨ ਵਾਸਤੇ ਰਫੂਚੱਕਰ ਹੋਣ ਨਾਲ ਸੰਭਵ ਹੋ ਸਕਦਾ ਹੈ? ਕੀ ਗੋਲਕ ਚੋਰੀਆਂ, ਆਪਣੇ ਹੀ ਹਮਸਾਇਆਂ ਦੇ ਇਵਜ਼ (wages) ਮਾਰਨ ਨਾਲ ਚਿੰਤਾ ਮੁਕਤ ਹੋਇਆ ਜਾ ਸਕਦਾ ਹੈ? ਕੀ ਆਪਣੇ ਪਤੀ ਜਾਂ ਪਤਨੀ ਨੂੰ ਮਾਨਕਿਸ ਪੀੜਾ ਦੇਣ ਨਾਲ ਜਾਂ ਆਪਣੇ ਬੱਚਿਆਂ ਨੂੰ ਕਦਰਾਂ ਕੀਮਤਾਂ ਤੋਂ ਦੂਰ ਰੱਖ ਚਿੰਤਾ ਮੁਕਤ ਹੋਇਆ ਜਾ ਸਕਦਾ ਹੈ? ਕੀ ਧਰਮਿਕ ਅਦਾਰਿਆਂ ਦੀ ਆਪਸੀ ਖਿੱਚੋਤਾਣ ਨਾਲ ਚਿੰਤਾ ਮੁਕਤ ਸਮਾਜ ਸਿਰਜਿਆ ਜਾ ਸਕਦਾ ਹੈ? ਕੀ ਇਹ ਸਾਰੇ ਵਰਤਾਰੇ ਮਾਨਸਿਕ ਰੋਗ ਦੀਆਂ ਨਿਸ਼ਾਨੀਆਂ ਨਹੀਂ ਹਨ? ਜਿਹਨਾਂ ਮਸੰਦਾਂ ਨੇ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਵੀ ਦਰਬਾਰ ਸਾਹਿਬ ਅ੍ਰਮਿਤਸਰ ਦਾਖਲ ਨਹੀਂ ਸੀ ਹੋਣ ਦਿੱਤਾ, ਉਹ ਵੀ ਤਾਂ ਮਾਨਸਿਕ ਰੋਗੀ ਹੀ ਸਨ। ਫੇਰ ਉਹਨਾਂ ਮਸੰਦਾਂ ਅਤੇ ਸਾਡੇ ਵਿੱਚ ਕੀ ਫ਼ਰਕ ਹੈ?

ਸਾਈਂ ਬੁੱਲੇ ਸ਼ਾਹ ਨੇ ਗੁਰੂ ਤੇਗ ਬਹਾਦੁਰ ਸਾਹਿਬ ਨੂੰ 'ਗਾਜ਼ੀ' ਭਾਵ ਸੂਰਵੀਰ ਦਾ ਦਰਜਾ ਦਿੱਤਾ ਸੀ। ਗੁਰੂ ਸਾਹਿਬ ਦੀ ਸੂਰਬੀਰਤਾ ਉਹਨਾਂ ਦੀ ਆਤਮਿਕ ਸ਼ਕਤੀ ਵਿੱਚ ਸੀ ਜੋ ਚਾਂਦਨੀ ਚੌਕ ਦੇ ਹਨ੍ਹੇਰੇ ਵਿੱਚੋਂ ਉਗਮ ਕੇ ਅੱਜ ਤੱਕ ਲਿਸ਼ਕਾਰੇ ਮਾਰਦੀ ਹੈ। ਇਹ ਆਤਮਿਕ ਮਜਬੂਤੀ ਹੀ ਸਾਡੇ ਵਿੱਚੋਂ ਗਾਇਬ ਹੈ ਬੇਸ਼ੱਕ ਸਾਨੂੰ ਹੋਰ ਲੱਖ ਸੁਖ ਸਹੂਲਤਾਂ ਉਪਲਬਧ ਹੋ ਗਈਆਂ ਹੋਣ। ਇਸ ਕੌੜੀ ਹਕੀਕਤ ਦੇ ਸਨਮੁਖ ਗੁਰੂ ਸਾਹਿਬ ਦੇ 400 ਸਾਲਾ ਅਵਤਾਰ ਦਿਵਸ ਉੱਤੇ ਸਾਨੂੰ ਅਰਦਾਸ ਕਰਨੀ ਬਣਦੀ ਹੈ ਕਿ ਉਹਨਾਂ ਦੀ ਰੂਹਾਨੀ ਸ਼ਕਤੀ ਅਤੇ ਆਤਮ ਨਿਰਭਰਤਾ ਦਾ ਕਿਣਕਾ ਮਾਤਰ ਸਾਡੇ ਮਨ-ਮਸਤਕ ਵੀ ਘਰ ਕਰ ਸਕੇ। ਅਜਿਹਾ ਹੋਣ ਨਾਲ ਸਿਰਫ਼ ਸਿੱਖ ਜਗਤ ਦਾ ਹੀ ਨਹੀਂ ਸਗੋਂ ਸਮੁੱਚੇ ਜਗਤ ਦਾ ਭਲਾ ਹੈ।

# ਸਿੱਖ ਇਤਿਹਾਸ ਬਾਰੇ ਵਿਵਾਦਤ ਤੱਥਾਂ ਵਾਲੀ ਕਿਤਾਬ ਦੀ ਜਾਂਚ ਸ਼ੁਰੂ

### *ਲੇਖਕ ਤੇ ਪ੍ਰਕਾਸ਼ਕ ਨੂੰ ਜਾਂਚ ਕਰਦੇ ਐੱਸ ਪੀ ਵੱਲੋਂ ਸੰਮਨ

ਮੋਹਾਲੀ, 21 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਮੂਹਰੇ ਧਰਨਾ ਲਾ ਕੇ ਬੈਠੇ ਬਲਦੇਵ ਸਿੰਘ ਸਿਰਸਾ ਤੇ 'ਇਤਿਹਾਸ ਬਚਾਓ ਮੋਰਚਾ' ਦੀ ਟੀਮ ਵੱਲੋਂ ਇਤਿਹਾਸ ਦੀਆਂ ਕੁੰਜੀਆਂਵਿੱਚਸਿੱਖ ਇਤਿਹਾਸ ਬਾਰੇ ਵਿਵਾਦਤ ਤੱਥਾਂ ਦੀ ਸ਼ਿਕਾਇਤ ਉੱਤੇ ਕਾਰਵਾਈ ਸ਼ੁਰੂ ਹੋਣ ਦੇ ਸੰਕੇਤ ਮਿਲ ਰਹੇ ਹਨ।

ਇਸ ਸੰਬੰਧ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਅੱਜ ਵੀਰਵਾਰ ਨੂੰ ਐੱਸਪੀ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ (ਪੀਬੀਆਈ) ਨੇ ਸ਼ਿਕਾਇਤਕਰਤਾ ਧਿਰ ਅਤੇ ਦੋਸ਼ਾਂ ਵਿੱਚ ਉਲਝੇ ਲੇਖਕ ਤੇ ਪ੍ਰਕਾਸ਼ਕ ਨੂੰ ਜਾਂਚਵਿੱਚ ਸ਼ਾਮਲ ਹੋਣ ਲਈ ਸੱਦਿਆ ਸੀ।ਬਲਦੇਵ ਸਿੰਘ ਸਿਰਸਾ ਨੇ ਕਮੇਟੀ ਅੱਗੇ ਇਤਿਹਾਸ ਦੀ ਵਿਵਾਦਤ ਕੁੰਜੀ ਦੀ ਫੋਟੋ ਕਾਪੀ ਸਬੂਤ ਵਜੋਂ ਰੱਖੀ, ਜਿਸ ਵਿਚ ਗੁਰੂ ਸਾਹਿਬਾਨ ਤੇ ਕੌਮੀ ਸਿੱਖ ਯੋਧਿਆਂ ਬਾਰੇ ਵਿਵਾਦ ਵਾਲੀ ਭਾਸ਼ਾ ਅਤੇ ਗੁਰਬਾਣੀ ਦੀਆਂ ਗਲਤ ਤੁਕਾਂ ਲਿਖੀਆਂ ਹਨ। ਸਿਰਸਾ ਨੇ ਦੱਸਿਆ ਕਿ ਇਹ ਕੁੰਜੀ ਪ੍ਰੋ: ਮਨਜੀਤ ਸਿੰਘ ਸੋਢੀ ਦੀ ਲਿਖੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂਪੰਜਾਬ ਪੁਲਸ ਦੇ ਮੁਖੀ(ਡੀਜੀਪੀ) ਨੂੰ ਇਤਿਹਾਸ ਦੇ ਕੁੰਜੀ ਬਾਰੇ ਲਿਖਤੀ ਸ਼ਿਕਾਇਤ ਦਿੱਤੀ ਸੀ। ਜਾਂਚ ਦੌਰਾਨ ਤਜਿੰਦਰ ਸਿੰਘ ਸੰਧੂ, ਐੱਸਪੀ, (ਪੀਬੀਆਈ)ਨੇ ਕਿਤਾਬ ਦੇ ਲੇਖਕ ਮਨਜੀਤ ਸਿੰਘ ਸੋਢੀ ਤੇ ਪ੍ਰਕਾਸ਼ਕ ਨੂੰ ਤਲਬ ਕੀਤਾ ਤੇ ਇਨ੍ਹਾਂ ਕੋਲੋਂ ਕਿਤਾਬ ਵਿਚ ਲਿਖੇ ਤੋੜ-ਮਰੋੜ ਕੇ ਇਤਿਹਾਸ ਅਤੇ ਗੁਰਬਾਣੀ ਦੀਆਂ ਤੁਕਾਂ ਬਾਰੇ ਪੁੱਛਗਿੱਛ ਕੀਤੀ ਅਤੇ 27 ਅਪਰੈਲ ਨੂੰ ਲਿਖਤੀ ਤੌਰ ਉੱਤੇ ਜਵਾਬ ਮੰਗਿਆ ਹੈ, ਜਿਸਵਿੱਚ ਲੇਖਕਾਂ ਨੂੰ ਇਤਿਹਾਸ ਬਾਰੇ ਆਪਣੇ ਸਰੋਤ ਪੇਸ਼ ਕਰਨੇ ਹੋਣਗੇ।

ਵਰਨਣ ਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਣਾਈ ਕਮੇਟੀ ਨੇ ਇਸ ਕਿਤਾਬ ਬਾਰੇ 700 ਪੰਨਿਆਂ ਦੀ ਸੀਲਬੰਦ ਰਿਪੋਰਟ ਸਰਕਾਰ ਨੂੰ ਸੌਂਪੀ ਹੈ।ਪਤਾ ਲੱਗਾ ਹੈ ਕਿ ਇਹ ਕੁੰਜੀ ਸਾਲ 2009 ਤੋਂ ਬਾਜ਼ਾਰ ਵਿਚ ਵਿਕ ਰਹੀ ਹੈ ਤੇ ਸਰਕਾਰ ਨੂੰ ਇਸ ਦੀ ਸੂਚਨਾ ਇਸ ਸਾਲ ਫ਼ਰਵਰੀ ਵਿੱਚ ਦਿੱਤੀ ਜਾਣ ਪਿੱਛੋਂ ਸਿੱਖਿਆ ਬੋਰਡ ਨੇ ਕਮੇਟੀ ਬਣਾ ਕੇ 5 ਮਾਰਚ ਤਕ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਇਸ ਵਿਚ ਵਿਵਾਦਤ ਕਿਤਾਬ ਤੇ ਪੁਰਾਣੇ ਇਤਿਹਾਸਕ ਪੱਖ ਵੀ ਕਮੇਟੀ ਨੇ ਦਿੱਤੇ ਸਨ, ਜਿਨ੍ਹਾਂ ਵਿਚ ਲੇਖਕ ਅਤੇ ਪਬਲਿਸ਼ਰਜ਼ ਤੋਂ ਇਲਾਵਾ ਕਿਤਾਬ ਮਨਜ਼ੂਰ ਕਰਨ ਵਾਲੇ ਮੁਲਾਜ਼ਮਾਂ ਬਾਰੇ ਵਿਸਥਾਰਤ ਰਿਪੋਰਟ ਐਜੂਕੇਸ਼ਨ ਸੈਕਟਰੀ ਦੇ ਰਾਹੀਂ ਸਰਕਾਰ ਨੂੰ ਦਿੱਤੀ ਗਈ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬੀ ਯੂਨੀਵਰਸਿਟੀ ਜਾਅਲੀ ਬਿੱਲ ਕੇਸ ਵਿੱਚ ਦੋਸ਼ੀਆਂ ਦੀ ਗਿਣਤੀ 107 ਹੋਈ

### * 40 ਜਣਿਆਂ ਦੀ ਪਛਾਣ ਕੀਤੇ ਜਾਣ ਦਾ ਦਾਅਵਾ * ਲੱਖਾਂ ਤੋਂ ਤੁਰਿਆ ਘਪਲਾ ਕਰੋੜਾਂ ਤੱਕ ਪਹੁੰਚ ਗਿਆ

ਪਟਿਆਲਾ, 21 ਅਪਰੈਲ, (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਵਿੱਚ ਜਾਅਲੀ ਬਿੱਲਾਂ ਦੇ ਘਪਲ਼ੇ ਦਾ ਘੇਰਾ ਕਰੀਬ ਛੇ ਲੱਖ ਰੁਪਏ ਤੋਂ ਸ਼ੁਰੂ ਹੋ ਕੇ ਗਿਆਰਾਂ ਕਰੋੜ ਰੁਪਏ ਨੂੰ ਟੱਪ ਗਿਆ ਅਤੇ ਦੋਸ਼ੀਆਂ ਦੀ ਗਿਣਤੀ ਤਿੰਨ ਤੋਂ ਵਧ ਕੇ 107 ਹੋ ਗਈ ਹੈ, ਜਿਨ੍ਹਾਂ ਵਿੱਚੋਂ 40 ਦੀ ਪਛਾਣ ਹੋ ਜਾਣ ਦਾ ਦਾਅਵਾ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸਾਲ 2018 ਤੋਂ 2021 ਤੱਕ ਦੇ ਬਿਲਾਂ ਦੀ ਜਾਂਚ 2013 ਸੈਸ਼ਨ ਦੇ ਬਿਲਾਂ ਤਕ ਚਲੀ ਗਈ ਹੈ।ਮੁੱਖਦੋਸ਼ੀ ਨਿਸ਼ੂ ਚੌਧਰੀ ਦੇ ਬਿਨਾ ਇਸ ਭ੍ਰਿਸ਼ਟਾਚਾਰ ਕੇਸ ਵਿੱਚਅੱਜਤੱਕ ਦੀ ਜਾਂਚ ਵਿੱਚਯੂਨੀਵਰਸਿਟੀਦੇ 16 ਕਰਮਚਾਰੀਆਂ ਦੀ ਸਾਂਝ ਪਤਾ ਲੱਗਚੁੱਕੀ ਹੈ।ਯੂਨੀਵਰਸਿਟੀ ਨੇ ਇਨ੍ਹਾਂ ਵਿੱਚੋਂ ਦਸ ਜਣਿਆਂ ਨੂੰ ਸਸਪੈਂਡ ਕੀਤਾ ਤੇ ਛੇ ਕੱਚੇ ਮੁਲਾਜ਼ਮਾਂ ਨੂੰ ਬਰਖ਼ਾਸਤ ਕੀਤਾ ਹੈ। ਇਸ ਕੇਸ ਦੀ ਜਾਂਚ ਦੌਰਾਨ ਕੁੱਲ 11 ਕਰੋੜ ਰੁਪਏ ਤੋਂ ਵੱਧਘਪਲਾ ਹੋਣ ਦਾ ਰਿਕਾਰਡ ਮਿਲਚੁੱਕਾ ਹੈ।ਯੂਨੀਵਰਸਿਟੀ ਦੀ ਜਾਂਚ ਦੌਰਾਨ ਲੇਖਾ ਸ਼ਾਖਾ ਦੇ ਰਿਕਾਰਡ ਰੂਮ ਵਾਲੇ 2013 ਤੱਕ ਦੇ ਪੁਰਾਣੇ ਰਿਕਾਰਡ ਦੀ ਜਾਂਚ ਵਿੱਚ 800 ਦੇ ਕਰੀਬ ਸ਼ੱਕੀ ਬਿਲਮਿਲੇ, ਜੋ 107 ਵੱਖ-ਵੱਖ ਲੋਕਾਂ ਦੇ ਨਾਮ ਉੱਤੇ ਬਣੇ ਸਨ। ਇਨ੍ਹਾਂ 107 ਵਿੱਚੋਂ 40 ਲੋਕਾਂ ਦੀ ਪਛਾਣ ਹੋਈ ਹੈ, ਜਿਨ੍ਹਾਂ ਵਿੱਚੋਂ 16 ਜਣੇ ਯੂਨੀਵਰਸਿਟੀ ਦੇ ਮੁਲਾਜ਼ਮ ਤੇ ਬਾਕੀ ਯੂਨੀਵਰਸਿਟੀ ਤੋਂ ਬਾਹਰਲੇ ਹਨ। ਕੁਲ 107 ਦੋਸ਼ੀਆਂਵਿੱਚੋਂ 67 ਹੋਰਨਾਂ ਦੀ ਪਛਾਣ ਹੋਣੀ ਬਾਕੀ ਹੈ। ਮਈ 2021 ਵਿੱਚਯੂਨੀਵਰਸਿਟੀ ਦੀ ਆਡਿਟ ਅਤੇ ਲੇਖਾ ਸ਼ਾਖਾਨੇ ਕੁਝ ਖੋਜਾਰਥੀਆਂ ਦੇ ਹਾਜ਼ਰੀ ਅਤੇ ਮਾਸਿਕ ਖਰਚ ਦੇ ਬਿਲ ਸ਼ੱਕੀ ਪਾਏ ਸਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਕਿ ਜਿਨ੍ਹਾਂ ਦੇ ਬਿੱਲ ਸਨ, ਉਸ ਨਾਮ ਦਾ ਕੋਈ ਖੋਜਾਰਥੀ ਕਿਸੇ ਵਿਭਾਗ ਵਿੱਚ ਨਹੀਂ ਸੀ। ਇਸ ਤੋਂ ਤੈਅ ਹੋ ਗਿਆ ਕਿ ਬਿੱਲ ਫਰਜ਼ੀ ਹਨ। ਅਜਿਹੇ ਬਿੱਲਾਂ ਦੇ ਫਰਜ਼ੀ ਹੋਣ ਤੋਂ ਗੱਲ ਨਿਕਲੀ ਕਿ ਇਹ ਵੱਡਾ ਕੇਸ ਹੈ, ਜਿਸ ਵਿੱਚ ਹੋਰ ਫਰਜ਼ੀ ਬਿੱਲ ਵੀ ਹੋਸਕਦੇ ਹਨ। ਇਸ ਪਿੱਛੋਂਯੂਨੀਵਰਸਿਟੀ ਨੇ ਕੇਸ ਪੁਲਿਸ ਹਵਾਲੇ ਕੀਤਾ ਸੀ।ਵਾਈਸ ਚਾਂਸਲਰ ਪ੍ਰੋ. ਅਰਵਿੰਦਨੇ- ਦੱਸਿਆ ਕਿ ਜਾਂਚ ਜਾਰੀ ਹੈ ਤੇ ਜਿਸ ਕਿਸੇਖਿਲਾਫ਼ ਕੋਈ ਸਬੂਤ ਮਿਲਦਾ ਹੈ, ਉਸ ਉੱਤੇ ਕਾਰਵਾਈ ਕੀਤੀ ਜਾਂਦੀ ਹੈ।ਪ੍ਰੋ. ਅਰਵਿੰਦ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਕੀਮਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਤੇ ਇਸ ਕੇਸ ਦੀਆਂ ਤੰਦਾਂ ਖੁੱਲ੍ਹਣ ਨਾਲ ਸਾਰਾ ਤਾਣਾ ਬੇਪਰਦ ਹੋ ਰਿਹਾ ਹੈ।

# 18 ਸਾਲਾ ਲੜਕੇ ਸਮੇਤ ਨਸ਼ਿਆਂ ਦੀ ਸਮਗਲਿੰਗ ਕਰਨ ਵਾਲੇ ਤਿੰਨ ਕਾਬੂ




ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਨਸ਼ਿਆਂ ਦੀ ਸਮਗਲਿੰਗ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ 66 ਚਾਰਜਿਜ਼ ਵੀ ਦਰਜ ਕੀਤੇ ਗਏ ਹਨ।

ਇਸ ਮਾਮਲੇ ਦੀ ਜਾਂਚ ਨਵੰਬਰ 2021 ਵਿੱਚ ਸ਼ੁਰੂ ਹੋਈ ਸੀ ਤੇ ਇੱਕ ਅੰਡਰਕਵਰ ਅਧਿਕਾਰੀ ਦੀ ਮਦਦ ਨਾਲ ਉਹ ਤਿੰਨ ਹਥਿਆਰ ਖਰੀਦਣ ਵਿੱਚ ਕਾਮਯਾਬ ਰਹੇ ਤੇ ਇਸ ਦੇ ਨਾਲ ਹੀ ਉਨ੍ਹਾਂ ਕਥਿਤ ਵਿਕਰੇਤਾ ਤੋਂ ਵੱਡੀ ਮਾਤਰਾ ਵਿੱਚ ਕੋਕੀਨ ਵੀ ਖਰੀਦੀ। ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਉਨ੍ਹਾਂ ਨੇ ਵੱਖ ਵੱਖ ਸਰਚ ਵਾਰੰਟਸ ਤਹਿਤ 100 ਗ੍ਰਾਮ ਤੋਂ ਵੱਧ ਫੈਂਟਾਨਿਲ, 550 ਗ੍ਰਾਮ ਤੋਂ ਘੱਟ ਪਾਊਡਰ ਕੋਕੀਨ, ਤਿੰਨ ਭਰੀਆਂ ਹੋਈਆਂ ਸੈਮੀ ਆਟੋਮੈਟਿਕ ਹੈਂਡਗੰਨਜ਼, ਬਾਡੀ ਆਰਮਰ ਤੇ 50 ਗ੍ਰਾਮ ਤੋਂ ਵੱਧ ਕ੍ਰੈਕ ਕੋਕੀਨ ਬਰਾਮਦ ਕੀਤੀ। 5 ਅਪਰੈਲ ਨੂੰ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਇਨ੍ਹਾਂ ਦੀ ਪਛਾਣ 18 ਸਾਲਾਂ ਦੇ ਬਰਧੀ ਕਾਦਰੀਉ, 20 ਸਾਲਾਂ ਦੇ ਉਮਰ ਤਾਨੋਲੀ ਤੇ 23 ਸਾਲਾਂ ਦੇ ਤਾਹਾ ਯੂਸਫ ਸ਼ੇਖ਼ ਵਜੋਂ ਕੀਤੀ ਗਈ। ਇਹ ਸਾਰੇ ਟੋਰਾਂਟੋ ਦੇ ਰਹਿਣ ਵਾਲੇ ਹਨ।

# ਅਸਲ ਵਿਸਾਖੀ ਦਾ ਮਕਸਦ ਮਜ਼ਲੂਮਾਂ-ਬੇਇਨਾਸਾਫੀ ਤੇ ਧੱਕੇਸ਼ਾਹੀ ਲਈ ਅਵਾਜ਼ ਬੁਲੰਦ ਕਰਨਾ ਹੈ : ਜਗਮੀਤ ਸਿੰਘ

ਬਰੈਂਪਟਨ (ਕੈਨੇਡਾ), 21 ਅਪ੍ਰੈਲ (ਸੁਰਜੀਤ ਸਿੰਘ ਫਲੋਰਾ)- 13 ਅਪ੍ਰੈਲ ਨੂੰ ਨਾਨਕਸਰ ਟਿੰਬਰਲੇਨ ਬਰੈਂਪਟਨ ਵਿਖੇ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਤੇ ਵਿਸਾਖੀ ਦਾ ਦਿਹਾੜਾ ਸੰਗਤਾਂ ਵਲੋਂ ਬਹੁਤ ਸ਼ਰਧਾ ਨਾਲ ਮਨਾਇਆ ਗਿਆ।

ਗੁਰਦੁਆਰਿਆਂ 'ਚ ਜਿੱਥੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਸਬੰਧੀ ਦਿਵਾਨ ਸਜਾਏ ਗਏ, ਉੱਥੇ ਹੀ ਕਥਾਂ ਵਾਚਿਕਾ ਵਲੋਂ ਵਿਸਾਖੀ ਖਾਲਸਾ ਸਾਜਨਾ ਦਿਵਸ ਵਾਰੇ ਕਲਗੀਧਰ ਪਾਤਿਸ਼ਾਹ ਵਾਰੇ ਵਾਰਤਾ ਸਾਂਝਿਆ ਕੀਤੀਆਂ ਗਇਆ ਅਤੇ ਰਾਗੀ ਸਿੰਘਾਂ ਵਲੋਂ ਕੀਰਤਨ ਅਤੇ ਢਾਡੀ ਜਥਿਆਂ ਵਲੋਂ ਖਾਲਸੇ ਦੀ ਉਪਮਾ ਕਰਦੀਆਂ ਵਾਰਾਂ ਨਾਲ ਹਾਜ਼ਰੀ ਲਵਾਈ ਗਈ।

ਇਸ ਦੇ ਨਾਲ ਹੀ ਕੈਨੇਡਾ ਦੇ ਸਾਡੇ ਭਾਰਤੀ ਪੰਜਾਬੀ ਐਮ ਪੀ ਅਤੇ ਲੀਡਰਾਂ ਵਲੋਂ ਵੀ ਗੁਰੂਘਰਾ ਵਿਖੇ ਪਹੁੰਚ ਕੇ ਭਾਈਚਾਰੇ ਨੂੰ ਖਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ। ਜਿਹਨਾਂ ਵਿਚ ਐਨ ਡੀ ਪੀ ਪਾਰਟੀ ਕੈਨੇਡਾ ਦੇ ਲੀਡਰ ਜਗਮੀਤ ਸਿੰਘ ਗੁਰੂਘਰ ਨਾਨਕਸਰ ਟਿੰਬਰਲੇਨ ਤੇ ਪਹੁੰਚੇ , ਜਿਥੇ ਉਹਨਾਂ ਨੇ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਖਾਲਸਾ ਜੋ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਇਆ ਤੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਾ ਸਫ਼ਰ ਤਹਿ ਕਰਕੇ ਹੋਏ ਹੋਂਦ ਵਿਚ ਆਇਆਂ, ਪਰ ਅਸਲ ਵਿਸਾਖੀ ਖਾਲਸਾ ਸਿਰਜਨ ਦਾ ਮਕਸਦ ਇਹ ਸੀ ਕਿ ਜਿਥੇ ਕਿਸੇ ਨਾਲ ਵੀ ਧੱਕੇ ਸ਼ਾਹੀ ਹੁੰਦੀ ਹੈ, ਉਥੇ ਜਾ ਕੇ ਮੰਦਦ ਕਰਨੀ, ਜਿਥੇ ਬੇਇਨਸਾਫ਼ੀ ਹੋਵੇਂ, ਉਥੇ ਜਾ ਕੇ ਮਦਦ ਕਰਨੀ, ਖਾਲਸੇ ਦਾ ਇਹੋ ਜਿਹਾ ਰੂਪ ਬਣਾਇਆ, ਕੇ ਕੋਈ ਵੀ ਸਾਬਿਤ ਸੂਰਤ ਸਿੱਖ ਨੂੰ ਦੇਖੇਗਾ ਤੇ ਉਸ ਨੂੰ ਪਤਾ ਚੱਲ ਜਾਏਗਾ ਕਿ ਉਹ ਤੁਹਾਡੇ ਹੱਕਾਂ ਲਈ ਤੁਹਾਡੇ ਨਾਲ ਖੜ੍ਹੇ ਹੋਣਗੇ। ਉਹਨਾਂ ਅੱਗੇ ਬੋਲਦੇ ਹੋਏ ਕਿਹਾ ਕਿ ਅੱਜ ਜਦੋਂ ਅਸੀਂ ਖਾਲਸਾ ਦਿਵਸ , ਵਿਸਾਖੀ ਮਨਾਉਂਦੇ ਹਾਂ ਤਾਂ ਸਾਨੂੰ ਇਸ ਗੱਲ ਨੂੰ ਸਦਾ ਯਾਦ ਰੱਖਣਾ ਚਾਹਿੰਦਾ ਹੈ ਕਿ ਅਸਲ ਵਿਸਾਖੀ ਦਾ ਮਤਲਬ ਕੀ ਹੈ ? ਇਸ ਲਈ ਹਮੇਸ਼ਾ ਯਾਦ ਰੱਖੋ, ਜਿਥੇ ਵੀ ਤੁਸੀਂ ਦੇਖਦੇ



ਹੋ ਕਿ ਕਿਸੇ ਨਾਲ ਬੇਇਨਸਾਫ਼ੀ , ਧੱਕਾ ਹੋ ਰਿਹਾ ਹੈ ਉਸ ਲਈ ਅਵਾਜ਼ ਉਠਾਉ, ਉਸ ਦੀ ਮਦਦ ਕਰੋ, ਤਾਂ ਹੀ ਅਸਲ ਵਿਸਾਖੀ ਖਾਲਸਾ ਦਿਵਸ ਸਾਜਨਾ ਦਾ ਅਸਲ ਮਕਸਦ ਪੂਰਾ ਹੋਵੇਗਾ। ਉਹਨਾਂ ਅੱਗੇ ਬੋਲਦੇ ਹੋਏ ਇਹ ਵੀ ਕਿਹਾ ਕਿ ਅਸੀਂ ਹਰ ਰੋਜ਼ ਅਰਦਾਸ ਵਿਚ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਾਂ ਨਾ ਕਿ ਸਿਰਫ ਸਿੱਖ, ਜਾਂ ਪੰਜਾਬੀਆਂ ਲਈ ਜਾਂ ਭਾਰਤੀਆਂ ਲਈ, ਗੁਰੂ ਸਾਹਿਬ ਸਭ ਦੇ ਸਾਂਝੇ ਹਨ , ਤੇ ਸਿੱਖ ਸਦਾ ਸਭ ਲਈ ਬਿੰਨਾ ਕਿਸੇ ਉਚ ਨੀਚ, ਜਾਤ ਪਾਤ, ਰੂਪ ਰੰਗ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੈ।

ਇਸ ਦੇ ਨਾਲ ਹੀ ਬਰੈਂਪਟਨ ਸਾਊਥ ਤੋਂ ਐਮ ਪੀ ਸੋਨੀਆਂ ਸਿੱਧੂ ਅਤੇ ਪ੍ਰਭਮੀਤ ਸਰਕਾਰੀਆਂ ਜੋ ਉਨਟੈਰਿਉ ਦੇ ਟਰਜ਼ਰੀ ਬੋਰਡ ਦੇ ਪ੍ਰਧਾਨ ਹਨ ਨੇ ਗੁਰੂ ਘਰ ਨਾਨਕਸਰ ਪਹੁੰਚ ਕੇ ਸਭ ਸਿੱਖ ਭਾਈਚਾਰੇ ਨੂੰ ਖਾਲਸਾ ਦਿਵਸ ਦੀ ਆਪਣੇ ਅਤੇ ਆਪਣੀ ਫੋਰਡ ਸਰਕਾਰ ਵਲੋਂ ਬਹੁਤ ਬਹੁਤ ਵਧਾਈ ਦਿੱਤੀ।

ਆਖਿਰ ਤੇ ਗੁਰੂਘਰ ਵਲੋਂ ਇਹਨਾਂ ਜਗਮੀਤ ਸਿੰਘ , ਸੋਨੀਆਂ ਸਿੱਧੂ ਅਤੇ ਪ੍ਰਭਮੀਤ ਸਿੰਘ ਸਰਕਾਰੀਆਂ ਨੂੰ ਲੋਇਆਂ ਦੇ ਕੇ ਗੁਰੂਘਰ ਪਹੁੰਣ ਤੇ ਸਵਾਗਤ ਕੀਤਾ ਗਿਆ।





ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

## ਬਜ਼ੁਰਗ ਔਰਤਾਂ ਦੇ ਗਹਿਣੇ ਲੁੱਟਣ ਵਾਲੀਆਂ ਤਿੰਨ ਔਰਤਾਂ ਪ੍ਰੋਡਕਸ਼ਨ ਵਰੰਟ ਉੱਤੇ ਲਿਆਂਦੀਆਂ

ਜਲੰਧਰ, 21 ਅਪ੍ਰੈਲ (ਪੋਸਟ ਬਿਊਰੋ)- ਬਜ਼ੁਰਗ ਔਰਤਾਂ ਨੂੰ ਵਰਗਲਾ ਕੇ ਕਾਰ ਵਿੱਚ ਬਿਠਾਉਣ ਪਿੱਛੋਂ ਉਨ੍ਹਾਂ ਦੇ ਪਾਏ ਗਹਿਣੇ ਲੁੱਟ ਲੈਣ ਵਾਲੀਆਂ ਤਿੰਨ ਔਰਤਾਂ ਨੂੰ ਥਾਣਾ ਨਵੀਂ ਬਾਰਾਂਦਰੀ ਪੁਲਸ ਲੁਧਿਆਣਾ ਜੇਲ੍ਹ ਤੋਂ ਪ੍ਰੋਡਕਸ਼ਨ ਵਰੰਟ ਉੱਤੇਲਿਆਈ ਅਤੇ ਗ੍ਰਿਫਤਾਰੀ ਪਾਉਣ ਪਿੱਛੋਂ ਅਦਾਲਤ ਵਿੱਚੋਂ ਮੁਲਜ਼ਮਾਂ ਦਾ ਰਿਮਾਂਡ ਹਾਸਲ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਮੁਲਜ਼ਮਾਂ ਦੀ ਪਛਾਣ ਜੋਤੀ ਪਤਨੀ ਜੀਤ ਪਿੰਡ ਜਲਾਣ, ਸੰਗਰੂਰ, ਗੋਗਾ ਪਤਨੀ ਗੋਲਾ ਤੇ ਰਜਨੀ ਪਤਨੀ ਸੋਮੀ ਪਿੰਡ ਛੀਟਾਂਵਾਲਾ, ਪਟਿਆਲਾ ਵਜੋਂ ਦੱਸੀ ਗਈ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਵਾਰਦਾਤ ਲਈ ਇਹ ਔਰਤਾਂ ਸੁਖਚੈਨ ਸਿੰਘ ਨਾਂਅ ਦੇ ਵਿਅਕਤੀ ਦੀ ਕਾਰ ਕਿਰਾਏ ਉੱਤੇ ਲੈਂਦੀਆਂ ਤੇ ਵਾਰਦਾਤ ਪਿੱਛੋਂ ਉਸ ਨੂੰ ਲੁੱਟ ਦੀ ਕਮਾਈ ਵਿੱਚੋਂ ਹਿੱਸਾ ਦਿੰਦੀਆਂ ਸਨ। ਸੁਖਚੈਨ ਵੀ ਜੇਲ੍ਹ ਵਿੱਚ ਹੈ ਤੇ ਉਸ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲਿਆਂਦਾ ਜਾਵੇਗਾ।ਇਨ੍ਹਾਂ ਔਰਤਾਂ ਨੇ ਪੰਜਾਬ ਭਰ ਵਿੱਚ 40 ਦੇ ਕਰੀਬ ਵਾਰਦਾਤਾਂ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਸੱਤ ਜਲੰਧਰ ਜ਼ਿਲ੍ਹੇ ਵਿੱਚ ਕੀਤੀਆਂ ਸਨ। 4 ਸਤੰਬਰ 2021 ਨੂੰ ਕਾਂਗਰਸ ਭਵਨ ਨੇੜੇ ਇੱਕ ਬਜ਼ੁਰਗ ਔਰਤ ਨੂੰ ਤਿੰਨ ਔਰਤਾਂ ਨੇ ਕਾਰ ਵਿੱਚ ਬਿਠਾ ਕੇ ਬੇਹੋਸ਼ ਕਰਨ ਪਿੱਛੋਂ ਉਸ ਦੇ ਗਹਿਣੇ ਲੁੱਟ ਲਏ ਅਤੇ ਪੀੜਤਾ ਨੂੰ ਕੁਝ ਦੂਰ ਜਾ ਕੇ ਛੱਡ ਦਿੱਤਾ। ਇਸ ਦੀ ਜਾਂਚ ਕਰ ਰਹੀ ਪੁਲਸ ਟੀਮ ਜਦੋਂ ਮੁਲਜ਼ਮਾਂ ਤਕ ਪਹੁੰਚੀ ਤਾਂ ਪਤਾ ਲੱਗਾ ਕਿ ਉਹ ਪਹਿਲਾਂ ਤੋਂ ਜੇਲ੍ਹ ਵਿੱਚ ਬੰਦ ਹਨ।

## ਹੋਟਲ ਦੇ ਕਮਰੇ ਵਿੱਚ ਸਿਗਰਟ ਕਾਰਨ ਅੱਗ ਲੱਗੀ, ਦੋ ਮੌਤਾਂ

ਰਿੰਗਸ, 20 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਸੀਕਰ ਵਿੱਚ ਇੱਕ ਹੋਟਲ ਦੇ ਕਮਰੇ ਵਿੱਚ ਅੱਗ ਲੱਗਣ ਕਾਰਨ ਕੱਲ੍ਹ ਦੋ ਚਚੇਰੇ ਭਰਾਵਾਂ ਦੀ ਮੌਤ ਹੋ ਗਈ। ਸਵੇਰੇ ਕਮਰੇਵਿੱਚੋਂ ਧੂੰਆਂ ਨਿਕਲਦਾ ਦੇਖ ਕੇ ਵੇਟਰ ਨੇ ਹੋਟਲ ਮਾਲਕ ਨੂੰ ਦੱਸਿਆ। ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਦੋਹਾਂ ਭਰਾਵਾਂ ਦੀਆਂ ਲਾਸ਼ਾਂ ਸੜੀਆਂ ਹੋਈਆਂ ਸਨ। ਇਹ ਘਟਨਾ ਕੱਲ੍ਹ ਸਵੇਰੇ ਰਿੰਗਾਸ ਦੇ ਭੈਰੂਜੀ ਮੋੜ ਵਿਚਲੇ ਹੋਟਲ ਮਿਲਾਨ ਐਂਡ ਰੈਸਟੋਰੈਂਟ ਦੀ ਹੈ। ਹੋਟਲ ਮਿਲਾਨ ਦੇ ਸੰਚਾਲਕ ਨੇ ਦੱਸਿਆ ਕਿ ਰਾਜੇਸ਼ (22) ਅਤੇ ਦੀਪੇਂਦਰ (23) ਕੱਲ੍ਹ ਰਾਤ ਕਰੀਬ ਇੱਕ ਵਜੇ ਹੋਟਲ ਵਿੱਚ ਆਏ ਸਨ। ਦੋਵੇਂ ਨਸ਼ੇ ਵਿੱਚ ਸਨ। ਉਨ੍ਹਾਂ ਨੂੰ ਸ਼ਰਾਬੀ ਹਾਲਤ ਵਿੱਚ ਦੇਖ ਕੇ ਉਸ ਨੇ ਕਮਰਾ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਦੋਵਾਂ ਨੇ ਬੇਨਤੀ ਕੀਤੀ ਕਿ ਉਹ ਰਾਤ ਨੂੰ ਕਿੱਥੇ ਜਾਣਗੇ, ਇਸ ਉੱਤੇ ਕਮਰਾ ਦੇ ਦਿੱਤਾ।ਜਦੋਂ ਵੇਟਰ ਸਵੇਰੇ 9 ਵਜੇ ਚਾਹ ਦੇਣ ਗਿਆ ਤਾਂ ਕਮਰੇ ਤੋਂ ਧੂੰਆਂ ਨਿਕਲ ਰਿਹਾ ਸੀ।ਸੂਚਨਾ ਮਿਲਣ ਉੱਤੇ ਪੁਲਸ ਤੇ ਫਾਇਰ ਬ੍ਰਿਗੇਡ ਦੀ ਟੀਮ ਓਥੇ ਪਹੁੰਚੀ। ਸੀਕਰ ਤੋਂ ਆਈ ਟੀਮ ਨੇ ਸਬੂਤ ਇਕੱਠੇ ਕੀਤੇ। ਕਮਰੇ ਵਿੱਚ ਪਈ ਸ਼ਰਾਬ ਦੀ ਬੋਤਲ, ਸ਼ਰਾਬ ਦਾ ਭਰਿਆ ਗਿਲਾਸ, ਸਿਗਰਟ ਦੇ ਪੈਕੇਟ ਆਦਿ ਦੀ ਟੀਮ ਨੇ ਜਾਂਚ ਕੀਤੀ। ਸ਼ੁਰੂਆਤੀ ਤੌਰ ਉੱਤੇ ਸਾਹਮਣੇ ਆਇਆ ਹੈ ਕਿ ਬੈਡ ਦਾ ਗੱਦਾ ਸਿਗਰਟ ਕਾਰਨ ਸੜਿਆ ਸੀ। ਇਸ ਤੋਂ ਬਾਅਦ ਉਸ ਨੂੰ ਅੱਗ ਲੱਗ ਗਈ ਅਤੇ ਦੋਵੇਂ ਭਰਾ ਝੁਲਸ ਗਏ।

# ਉਜੜਿਆ ਘਰ ਨਸ਼ੇੜੀਆਂ ਦਾ ਅੱਡਾ ਬਣ ਜਾਂਦਾ ਹੈ

ਜੀਵਨ ਵਿੱਚ ਕਲੇਸ਼, ਕਲੇਸ਼ ਅਤੇ ਅਨੇਕਾਂ ਦੁੱਖ ਹਨ। ਇਹ ਚੀਜ਼ਾਂ ਜ਼ਿੰਦਗੀ ਨੂੰ ਡਰਾਉਣੀ, ਪਰ ਦਿਲਚਸਪ, ਚੁਣੌਤੀਪੂਰਨ ਅਤੇ ਜਿਉਣ ਯੋਗ ਬਣਾਉਂਦੀਆਂ ਹਨ। ਹਰ ਵਿਅਕਤੀ ਦਾ ਜੀਵਨ ਦਾ ਆਪਣਾ ਫਲਸਫਾ, ਵੱਖਰੀ ਸੋਚ ਹੁੰਦੀ ਹੈ। ਜੇਕਰ ਸਹੀ ਢੰਗ ਨਾਲ ਸਿੱਖਿਆ ਦਿੱਤੀ ਜਾਵੇ ਤਾਂ ਜੀਵਨ ਸਾਰਥਕ ਹੋ ਸਕਦਾ ਹੈ। ਜ਼ਿੰਦਗੀ ਹਰ ਪੱਖ ਤੋਂ ਜੀਣ ਦਾ ਨਾਮ ਹੈ। ਇਸ ਨੂੰ ਹੱਸਣਾ ਬਿਹਤਰ ਹੈ, ਇਸ ਨੂੰ ਨਿਰਸਵਾਰਥ ਢੰਗ ਨਾਲ ਜੀਓ.

ਤਪਦੀ ਦੁਪਹਿਰ ਨੂੰ ਇੱਕ ਨੌਜਵਾਨ ਆਇਆ ਅਤੇ ਉਸਦੀ ਇੱਕ ਸਕੀਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਰਨ ਲੱਗਾ। ਉਨ੍ਹਾਂ ਆਪਣੀ ਸਵੈ-ਸੇਵੀ ਸੰਸਥਾ ਬਾਰੇ ਦੱਸਿਆ। ਸਮਾਜ ਸੇਵਾ ਦੇ ਨਾਂ 'ਤੇ ਕਈ ਐਨ.ਜੀ.ਓਜ਼ ਚੱਲ ਰਹੀਆਂ ਹਨ। ਕਈ ਆਪਣੇ ਗੁਜ਼ਾਰੇ ਲਈ ਐਨਜੀਓ ਚਲਾ ਰਹੇ ਹਨ। ਵੈਸੇ ਤਾਂ ਹਰ ਇਨਸਾਨ ਇਸ ਦੁਨੀਆਂ ਵਿਚ ਆਪਣੀ ਜ਼ਿੰਦਗੀ ਲਈ ਕੁਝ ਨਾ ਕੁਝ ਜ਼ਰੂਰ ਕਰਦਾ ਹੈ। ਨੌਜਵਾਨਾਂ ਨੇ ਆਪਣੀ ਐਨ.ਜੀ.ਓ ਦੇ ਉਦੇਸ਼ਾਂ ਬਾਰੇ ਦੱਸਿਆ- ਅਸੀਂ ਅਨਾਥ, ਬੇਘਰ, ਬੱਚਿਆਂ ਅਤੇ ਬਜ਼ੁਰਗਾਂ, ਮਰਦਾਂ ਅਤੇ ਔਰਤਾਂ ਦੀ ਕਾਨੂੰਨੀ ਅਤੇ ਆਰਥਿਕ ਤੌਰ 'ਤੇ ਬਿਨਾਂ ਜਾਤ ਜਾਂ ਧਰਮ ਦੇ ਭੇਦਭਾਵ ਤੋਂ ਮਦਦ ਕਰਾਂਗੇ। ਅਤੇ ਹੋਰ ਵੀ ਬਹੁਤ ਕੁਝ, ਜੋ ਉਸਦੀ ਯੋਜਨਾ ਵਿੱਚ ਸੀ, ਚੰਗੀ ਤਰ੍ਹਾਂ ਪਹੁੰਚਾਇਆ ਗਿਆ ਸੀ.

ਕੁਝ ਦਿਨ ਪਹਿਲਾਂ ਉਸ ਨੇ ਇਲਾਕੇ ਵਿੱਚ ਇੱਕ ਖੰਡਰ ਹੋਣ ਦੀ ਖ਼ਬਰ ਲਿਆਂਦੀ ਸੀ, ਜਿਸ ਵੱਲ ਕਿਸੇ ਦੀ ਨਜ਼ਰ ਵੀ ਨਹੀਂ ਪੈਂਦੀ। ਰਾਤ ਦੇ ਹਨੇਰੇ 'ਚ ਅਣਪਛਾਤੇ ਨੌਜਵਾਨ ਉਥੇ ਆ ਕੇ ਨਸ਼ਾ ਕਰ ਲੈਂਦੇ ਹਨ। ਸ਼ੁਰੂ ਵਿਚ ਉਸ ਦੀਆਂ ਇਹ ਗੱਲਾਂ ਮਾਮੂਲੀ ਲੱਗਦੀਆਂ ਸਨ। ਇਸ ਲਈ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ। ਪਰ ਉਹ ਆਪਣੀ ਪੂਰੀ ਕੋਸ਼ਿਸ਼ ਕਰਦਾ ਰਿਹਾ। ਜਦੋਂ ਵੀ ਉਹ ਮੇਰੇ ਕੋਲ ਆਉਂਦਾ ਤਾਂ ਸਾਰਾ ਘਟਨਾਕ੍ਰਮ ਬਿਆਨ ਕਰਦਾ। ਮੁੱਕਦੀ ਗੱਲ ਇਹ ਹੈ ਕਿ ਉਹ ਇਸ ਮਾਮਲੇ ਨੂੰ ਲੈ ਕੇ ਲਗਾਤਾਰ ਮੀਡੀਆ, ਪੁਲਿਸ ਅਤੇ ਜ਼ਿਲ੍ਹਾ ਕੁਲੈਕਟਰ ਨੂੰ ਮਿਲਦਾ ਹੈ। ਨਸ਼ੇੜੀਆਂ ਦਾ ਅੱਡਾ ਬਣ ਚੁੱਕੇ ਖੰਡਰ ਉਸ ਦੀ ਚਿੰਤਾ ਦਾ ਵਿਸ਼ਾ ਬਣ ਗਏ ਹਨ।

ਕਿੰਨਾ ਕਠੋਰ, ਬੇਰਹਿਮ ਅਤੇ ਅਸੰਵੇਦਨਸ਼ੀਲ ਸਿਸਟਮ ਹੈ, ਜੋ ਹਰ ਕਦਮ 'ਤੇ ਮਜ਼ਦੂਰ ਦੀ ਪਰਖ ਕਰਦਾ ਹੈ। ਦਿਨ ਵੇਲੇ ਤਾਰੇ ਦਿਖਾਉਂਦਾ ਹੈ। ਪੁਲਿਸ ਦਾ ਰਵੱਈਆ ਹਰ ਕੋਈ ਜਾਣਦਾ ਹੈ। ਸਰਕਾਰੀ ਵਿਭਾਗ ਵੈਸੇ ਵੀ ਆਪਣੀ ਖੁਸ਼ੀ ਵਿੱਚ ਕੰਮ ਕਰਦੇ ਹਨ। ਇਸ ਦੇ ਬਾਵਜੂਦ ਉਹ ਆਪਣੇ ਮਿਸ਼ਨ 'ਤੇ ਜਾਰੀ ਹੈ। ਉਹ ਸਭ ਕੁਝ ਸਹੀ



ਤਰੀਕੇ ਨਾਲ ਕਰਦਾ ਹੈ। ਸਭ ਤੋਂ ਪਹਿਲਾਂ ਉਸ ਨੇ ਇਲਾਕੇ ਦਾ ਵਟਸਐਪ ਗਰੁੱਪ ਬਣਾ ਕੇ ਪੰਜ ਸੌ ਘਰਾਂ ਦੀ ਆਬਾਦੀ ਵਿੱਚੋਂ ਅੱਸੀ ਪਰਿਵਾਰਾਂ ਨੂੰ ਜੋੜਿਆ। ਇੱਕ ਨਿਯਮ ਬਣਾਇਆ ਗਿਆ ਸੀ ਕਿ ਇਲਾਕੇ ਦੀਆਂ ਸਮੱਸਿਆਵਾਂ ਤੋਂ ਇਲਾਵਾ ਕੋਈ ਵੀ ਧਾਰਮਿਕ, ਸਿਆਸੀ ਫੋਟੋ, ਗੁੱਡ ਮਾਰਨਿੰਗ ਆਦਿ ਗਰੁੱਪ ਵਿੱਚ ਨਹੀਂ ਪਾ ਸਕਦਾ।

ਮੁਹੱਲਾ ਹੋਵੇ ਜਾਂ ਕਿਸੇ ਵੀ ਸ਼ਹਿਰ ਦਾ ਕੋਈ ਹੋਰ ਇਲਾਕਾ, ਹਰ ਕਿਸੇ ਨੂੰ ਆਪਣੇ ਅੰਦਰ ਹੀ ਸੀਮਤ ਰਹਿਣ ਦੀ ਆਦਤ ਪੈ ਗਈ ਹੈ। ਗੁਆਂਢੀ ਤੋਂ ਗੁਆਂਢੀ ਹੁਣ ਕੋਈ ਚਿੰਤਾ ਨਹੀਂ ਹੈ, ਜਦੋਂ ਤੱਕ ਵਿਅਕਤੀ ਵਿੱਚ ਕੁਝ ਸੁਆਰਥ ਨਹੀਂ ਹੁੰਦਾ. ਇਸ ਲਈ ਮੁਹੱਲਾ ਵਾਸੀ ਪੂਰੀ ਤਰ੍ਹਾਂ ਆਪਣੇ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਰਹਿੰਦੇ ਸਨ। ਹੁਣ ਇੱਕ-ਇੱਕ ਕਰਕੇ ਇਲਾਕੇ ਦੀਆਂ ਸਮੱਸਿਆਵਾਂ ਸਾਹਮਣੇ ਆਉਣ ਲੱਗ ਪਈਆਂ ਹਨ-ਨਾਲੀਆਂ ਮਲਬੇ ਨਾਲ ਭਰੀਆਂ ਪਈਆਂ ਹਨ, ਕਿੰਨੇ ਦਿਨ ਹੋ ਗਏ ਹਨ? ਪਾਣੀ ਦੀ ਟੈਂਕੀ ਦੀ ਸਫ਼ਾਈ ਨਹੀਂ ਕਰਵਾਈ ਗਈ, ਹਰ ਛੇ ਮਹੀਨੇ ਬਾਅਦ ਪਾਣੀ ਦੀ ਟੈਂਕੀ ਦੀ ਸਫ਼ਾਈ ਕਰਵਾਈ ਜਾਵੇ। ਕਿੰਨੇ ਦਿਨਾਂ ਤੋਂ ਸੜਕ 'ਤੇ ਸਫ਼ਾਈ ਕਰਨ ਵਾਲੇ ਨਹੀਂ ਆ ਰਹੇ? ਨਾਲਾ ਟੁੱਟਿਆ ਹੋਇਆ ਹੈ, ਗੰਦਾ ਪਾਣੀ ਸੜਕ 'ਤੇ ਫੈਲ ਰਿਹਾ ਹੈ।

ਸਵਾਲ ਉੱਠਿਆ- 'ਡਰੇਨਾਂ ਦੀ ਮੁਰੰਮਤ ਹੋਣੀ ਚਾਹੀਦੀ ਹੈ।' ਚੋਣ ਜਿੱਤਣ ਤੋਂ ਬਾਅਦ ਕੌਂਸਲਰ ਮੁੜ ਮੁਹੱਲੇ ਵਿੱਚ ਨਹੀਂ ਆਉਂਦਾ, ਇਲਾਕਾ ਵਾਸੀ ਕਿਸ ਹਾਲਤ ਵਿੱਚ ਰਹਿ ਰਹੇ ਹਨ। ਸਵਾਲਾਂ 'ਤੇ ਸਵਾਲ, ਕਈ ਸਮੱਸਿਆਵਾਂ ਅਤੇ ਸੁਝਾਵਾਂ ਦੀ ਵਰਖਾ ਸ਼ੁਰੂ ਹੋ ਗਈ। ਲੋਕਾਂ ਵਿਚ ਦੁਆਵਾਂ, ਨਮਸਕਾਰ, ਸ਼ੁਭਕਾਮਨਾਵਾਂ ਆਦਿ ਦਾ ਅਦਾਨ-ਪ੍ਰਦਾਨ ਹੋਣ ਲੱਗਾ। ਹਰ ਕਿਸੇ ਨੂੰ ਕਿਸੇ ਨਾ ਕਿਸੇ ਦੇ ਡੇਂਗੂ ਦੀ ਖ਼ਬਰ ਮਿਲ ਜਾਂਦੀ। ਪਾਣੀ ਦੀ ਟੈਂਕੀ ਦੀ ਸਫ਼ਾਈ ਕਰਵਾਈ ਜਾਂਦੀ ਹੈ, ਟੁੱਟੇ ਨਾਲੇ ਦੀ ਮੁਰੰਮਤ ਕਰਵਾਈ ਜਾਂਦੀ ਹੈ। ਇਲਾਕਾ ਨਿਵਾਸੀਆਂ ਦੇ ਅਣਥੱਕ ਯਤਨਾਂ ਸਦਕਾ ਇੱਕ ਦਿਨ ਨਸ਼ਾਖੋਰੀ ਦੀ ਗ੍ਰਿਫ਼ਤ ਵਿੱਚ ਆ ਜਾਂਦੇ ਹਨ। ਹੁਣ ਪੁਲਿਸ ਨੇ ਗਸ਼ਤ ਸ਼ੁਰੂ ਕਰ ਦਿੱਤੀ ਹੈ। ਸਥਾਨਕ ਮੀਡੀਆ ਵੀ ਸਰਗਰਮ ਹੋ ਗਿਆ ਹੈ।

ਸਮੱਸਿਆਵਾਂ ਹਰ ਸ਼ਹਿਰ ਵਿੱਚ ਹਨ। ਪਰ ਨਾਗਰਿਕਾਂ ਨੂੰ ਆਪਣੇ ਜਮਹੂਰੀ ਹੱਕਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਾਫ਼ ਪਾਣੀ, ਬਿਜਲੀ ਅਤੇ ਸਾਫ਼ ਇਲਾਕਾ ਮਿਲਣਾ ਚਾਹੀਦਾ ਹੈ। ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ, ਸਮੱਸਿਆਵਾਂ, ਜਿਨ੍ਹਾਂ ਨੂੰ ਅਸੀਂ ਨਜ਼ਰਅੰਦਾਜ਼ ਕਰਦੇ ਰਹਿੰਦੇ ਹਾਂ। ਕਿਉਂਕਿ ਅਸੀਂ ਅਖੌਤੀ ਸ਼ਹਿਰੀ ਮੱਧ ਵਰਗ ਆਪਣੇ ਘਰ ਤੋਂ ਨੌਕਰੀ ਜਾਂ ਦੁਕਾਨ ਅਤੇ ਘਰ ਵੱਲ ਵਧਦੇ ਰਹਿੰਦੇ ਹਾਂ। ਸਾਡੀਆਂ ਸਮਾਜਿਕ ਚਿੰਤਾਵਾਂ ਖਤਮ ਹੋ ਗਈਆਂ ਹਨ, ਸਮਾਜਿਕ ਦੂਰੀ ਵਧ ਰਹੀ ਹੈ। ਇਕੱਠੇ ਹੋ ਕੇ ਅਸੀਂ ਆਪਣੀ ਆਵਾਜ਼ ਬੁਲੰਦ ਕਰਨ ਤੋਂ ਅਸਮਰੱਥ ਹਾਂ, ਕਿਉਂਕਿ ਅਸੀਂ ਸਿਆਸੀ ਪਾਰਟੀਆਂ ਦੇ ਡੇਰੇ ਵਿਚ ਵੰਡੇ ਹੋਏ ਹਾਂ, ਜਦੋਂ ਕਿ ਅਸੀਂ ਇਲਾਕੇ ਵਿਚ ਰਹਿ ਸਕਦੇ ਹਾਂ। ਹਰ ਕੋਈ ਇਸ ਗੱਲ ਦਾ ਹੁਣ ਬੜੇ ਜੋਸ਼ ਨਾਲ ਅਹਿਸਾਸ ਕਰਨ ਲੱਗਾ ਹੈ। ਇਲਾਕੇ ਵਿੱਚ ਭਾਈਚਾਰੇ ਦੀ ਭਾਵਨਾ ਹੈ। ਇਲਾਕੇ ਦੀਆਂ ਛੋਟੀਆਂ-ਵੱਡੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ ਗਈ।

ਇੱਕੀਵੀਂ ਸਦੀ ਵਿੱਚ ਪਰ ਸਮਾਜ ਅਤੇ ਪਰਿਵਾਰ ਦਾ ਰੂਪ ਬਦਲ ਰਿਹਾ ਹੈ। ਭਾਰਤੀ ਸੱਭਿਆਚਾਰ ਹੁਣ ਕਿਤਾਬਾਂ ਜਾਂ ਨੇਤਾਵਾਂ ਦੇ ਭਾਸ਼ਣਾਂ ਵਿੱਚ ਸੁਣਨ ਨੂੰ ਮਿਲਦਾ ਹੈ। ਮੁਹੱਲਾ ਵਾਸੀ ਆਧੁਨਿਕ ਰੰਗਾਂ ਵਿੱਚ ਡੁੱਬ ਕੇ ਭਾਈਚਾਰਕ ਸਾਂਝ, ਆਂਢ-ਗੁਆਂਢ ਅਤੇ ਸਮਾਜਵਾਦ ਤੋਂ ਦੂਰ ਹੁੰਦੇ ਜਾ ਰਹੇ ਹਨ। ਅਜਿਹੀ ਸਥਿਤੀ ਵਿੱਚ ਸਾਡੀ ਐਨਜੀਓ ਯੁਵਕ ਵਰਗੇ ਨੌਜਵਾਨਾਂ ਦੀ ਸਰਗਰਮੀ ਦਾ ਭਰੋਸਾ ਦਿਵਾਉਂਦਾ ਹੈ। ਅੱਜ ਜਦੋਂ ਬਹੁਤ ਸਾਰੇ ਨੌਜਵਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਤਾਂ ਇਲਾਕੇ ਨੂੰ ਇਕਜੁੱਟ ਕਰਨ ਲਈ ਇਕ ਨੌਜਵਾਨ ਦੀ ਪਹਿਲਕਦਮੀ ਵਿਸ਼ਵਾਸ ਦਿੰਦੀ ਹੈ।

*-ਵਿਜੇ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਹਲਕਾ-ਫੁਲਕਾ

ਚਿੰਪੂ (ਡਾਕਟਰ ਨੂੰ), "ਤੁਸੀਂ ਨਰਸ ਬਹੁਤ ਹੀ ਚੰਗੀ ਰੱਖੀ ਹੈ, ਉਸਦੇ ਹੱਥ ਲਾਉਂਦੇ ਹੀ ਮੈਂ ਠੀਕ ਹੋ ਗਿਆ।"
ਡਾਕਟਰ, "ਮੈਂ ਜਾਣਦਾ ਹਾਂ, ਹੱਥ ਲੱਗਣ ਦੀ ਆਵਾਜ਼ ਬਾਹਰ ਬੈਠੇ ਨੂੰ ਮੈਨੂੰ ਸੁਣ ਗਈ ਸੀ।"

********


ਮਾਲਕ (ਨੌਕਰ ਨੂੰ), "ਜ਼ਰਾ ਦੇਖ ਕੇ ਦੱਸੀਂ ਕਿ ਟਾਈਮ ਕਿੰਨਾ ਹੋ ਗਿਐ?"
ਨੌਕਰ, "ਜੀ, ਮੈਨੂੰ ਟਾਈਮ ਦੇਖਣਾ ਨਹੀਂ ਆਉਂਦਾ।"
ਮਾਲਕ, "ਅੱਛਾ ਤਾਂ ਇਹ ਦੇਖ ਕੇ ਦੱਸ ਕਿ ਛੋਟੀ ਸੂਈ ਤੇ ਵੱਡੀ ਸੂਈ ਕਿਥੇ ਹਨ।"
ਨੌਕਰ, "ਸਾਬ੍ਹ ਜੀ, ਦੋਵੇਂ ਸੂਈਆਂ ਘੜੀ ਵਿੱਚ ਹੀ ਹਨ।"



********

ਪੱਪੂ ਦੀ ਦੋ ਕਰੋੜ ਦੀ ਲਾਟਰੀ ਨਿਕਲੀ..
ਲਾਟਰੀਵਾਲਾ, "ਸਰ, ਤੁਹਾਨੂੰ ਟੈਕਸ ਕੱਟ ਕੇ 1.75 ਕਰੋੜ ਮਿਲਣਗੇ।"
ਪੱਪੂ, "ਅਜਿਹਾ ਕਿਉਂ, ਮੈਂ ਦੋ ਕਰੋੜ ਦੀ ਲਾਟਰੀ ਦਾ ਟਿਕਟ ਖ਼ਰੀਦਿਆ ਸੀ?"
ਲਾਟਰੀਵਾਲਾ, "ਦੇਖੋ ਸਰ, ਸਰਕਾਰ ਟੈਕਸ ਕੱਟ ਕੇ ਪੈਸੇ ਦਿੰਦੀ ਹੈ।"
ਪੱਪੂ, "ਇਹ ਗ਼ਲਤ ਹੈ, ਮੈਨੂੰ ਮੇਰੇ ਪੂਰੇ ਦੋ ਕਰੋੜ ਦਿਓ ਨਹੀਂ ਤਾਂ ਮੇਰੇ ਟਿਕਟ ਦੇ 100 ਰੁਪਏ ਵਾਪਸ ਕਰੋ।"

# ਬੇਢੰਗਾ ਸ਼ਹਿਰੀਕਰਨ, ਵਿਗਾੜ ਰਿਹਾ ਹੈ ਸ਼ਹਿਰਾਂ ਦਾ ਮੁਹਾਂਦਰਾ



ਭਾਰਤ ਦੇ ਸ਼ਹਿਰ ਵਿਕਾਸ ਕਰ ਰਹੇ ਹਨ। ਤਰੱਕੀ ਦੀਆਂ ਲੀਹਾਂ 'ਤੇ ਹਨ। ਸ਼ਹਿਰਾਂ ਦਾ ਬੁਨਿਆਦੀ ਢਾਂਚਾ ਉਸਰ ਰਿਹਾ ਹੈ, ਨਿਰੰਤਰ ਵੱਧ ਰਿਹਾ ਹੈ। ਪਰ ਸ਼ਹਿਰਾਂ ਦੀ ਹਵਾ ਗੰਦਲੀ ਹੋ ਰਹੀ ਹੈ ਅਤੇ ਪਾਣੀ ਬੁਰੀ ਤਰਾਂ ਦੂਸ਼ਿਤ ਹੋ ਰਿਹਾ ਹੈ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਕਿ ਸ਼ਹਿਰਾਂ 'ਚ ਝੁੱਗੀਆਂ, ਝੌਂਪੜੀਆਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਇੱਕ ਸਰਵੇ ਅਨੁਸਾਰ ਝੁੱਗੀਆਂ, ਝੌਂਪੜੀਆਂ 'ਚ ਰਹਿਣ ਵਾਲੀ 57 ਫ਼ੀਸਦੀ ਆਬਾਦੀ ਤਾਮਿਲਨਾਡੂ, ਮੱਧ ਪ੍ਰਦੇਸ਼,ਉੱਤਰ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਵਿੱਚ ਵੱਸਦੀ ਹੈ।

ਸ਼ਹਿਰ ਲੋਕਾਂ ਦੇ ਸੁਪਨਿਆਂ 'ਚ ਵੱਸਦਾ ਹੈ। ਕਾਰਨ ਇਹ ਕਿ ਸ਼ਹਿਰ ਵਿੱਚ ਮੌਕੇ ਵੱਧ ਹਨ, ਸਿੱਖਿਆ ਦੇ ਵੀ, ਰੁਜ਼ਗਾਰ ਦੇ ਵੀ, ਵੱਡੇ ਬਜ਼ਾਰ ਦੇ ਵੀ ਅਤੇ ਬੇਹਤਰ ਜੀਵਨ ਦੇ ਵੀ। ਇਸ ਲਈ ਹਰੇਕ ਦੀ ਦੌੜ ਸ਼ਹਿਰ ਵਸਣ 'ਚ ਰਹਿੰਦੀ ਹੈ। ਇਹੋ ਕਾਰਨ ਹੈ ਕਿ ਪਿੰਡਾਂ ਤੋਂ ਛੋਟੇ ਸ਼ਹਿਰਾਂ ਵੱਲ, ਛੋਟੇ ਸ਼ਹਿਰਾਂ ਤੋਂ ਵੱਡੇ ਸ਼ਹਿਰਾਂ ਵੱਲ ਅਤੇ ਫਿਰ ਮਹਾਂਨਗਰਾਂ ਵੱਲ ਪਰਵਾਸ ਦਾ ਚੱਕਰ ਚੱਲਦਾ ਰਹਿੰਦਾ ਹੈ। ਸ਼ਹਿਰਾਂ ਦੀ ਆਬਾਦੀ ਵੇਖਣ ਵਿੱਚ ਆ ਰਿਹਾ ਹੈ ਕਿ ਨਿਰੰਤਰ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਦੀ ਸ਼ਹਿਰੀ ਆਬਾਦੀ ਇਸ ਵੇਲੇ 34 ਫ਼ੀਸਦੀ ਹੈ। ਇਹ ਸ਼ਹਿਰੀ ਆਬਾਦੀ 2011 ਵਿਚਲੀ ਮਰਦਮਸ਼ੁਮਾਰੀ ਅਨੁਸਾਰ 31 ਫ਼ੀਸਦੀ ਸੀ। "ਵਿਸ਼ਵ ਸ਼ਹਿਰੀਕਰਨ ਸੰਭਾਵਨਾਵਾਂ" ਦੀ ਰਿਪੋਰਟ ਅਨੁਸਾਰ ਭਾਰਤ ਦੀ ਆਬਾਦੀ 2031 ਤੱਕ 6 ਫ਼ੀਸਦੀ ਵੱਧ ਜਾਣੀ 40 ਫ਼ੀਸਦੀ ਹੋ ਜਾਏਗੀ। ਰਿਪੋਰਟ ਇਹ ਵੀ ਕਹਿੰਦੀ ਹੈ ਕਿ 2028 ਦੇ ਆਸਪਾਸ ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦਾ ਸਭ ਤੋਂ ਜ਼ਿਆਦਾ ਆਬਾਦੀ ਵਾਲਾ ਦੇਸ਼ ਹੋ ਸਕਦਾ ਹੈ ਅਤੇ 2050 ਤੱਕ ਸ਼ਹਿਰੀ ਆਬਾਦੀ ਦੇ ਮਾਮਲੇ 'ਚ ਭਾਰਤ ਦਾ ਯੋਗਦਾਨ ਸਭ ਤੋਂ ਜ਼ਿਆਦਾ ਹੋ ਜਾਣ ਦੀ ਸੰਭਾਵਨਾ ਹੈ। ਇਹ ਅਨੁਮਾਨ ਹੈ ਕਿ 2050 ਤੱਕ ਦੁਨੀਆ 'ਚ 68 ਫ਼ੀਸਦੀ ਸ਼ਹਿਰੀ ਆਬਾਦੀ ਹੋ ਜਾਏਗੀ, ਜੋ ਕਿ ਇਸ ਵੇਲੇ 55 ਫ਼ੀਸਦੀ ਹੈ।

ਭਾਰਤ ਵਿੱਚ ਇਸ ਵੇਲੇ ਅਨਿਯਮਤ ਸ਼ਹਿਰੀਕਰਨ ਹੋ ਰਿਹਾ ਹੈ। ਸ਼ਹਿਰਾਂ ਦੇ ਨਜ਼ਦੀਕ ਬਸਤੀਆਂ, ਕਲੋਨੀਆਂ ਦੀ ਬਹੁਤਾਤ ਹੋ ਰਹੀ ਹੈ, ਜਿਥੇ ਸਹੀ ਬੁਨਿਆਦੀ ਢਾਂਚਾ ਉਪਲੱਬਧ ਨਹੀਂ ਰਹਿੰਦਾ। ਭੂ-ਮਾਫੀਆ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਖਰੀਦਦਾ ਹੈ। ਨਵੀਆਂ ਕਲੋਨੀਆਂ ਉਸਾਰ ਦਾ ਹੈ, ਮੁਨਾਫੇ ਤੇ ਵੇਚਦਾ ਹੈ ਅਤੇ ਇੰਜ ਸਰਕਾਰ ਦੇ ਟਾਊਨ ਪਲਾਨਿੰਗ ਨਿਯਮਾਂ ਦੀਆਂ ਧੱਜੀਆਂ ਉਡਾਉਂਦਾ ਹੈ। ਭਾਵੇਂ ਕੇਂਦਰ ਸਰਕਾਰ ਵਲੋਂ "ਸਮਾਰਟ ਸਿਟੀ" ਯੋਜਨਾ ਤਹਿਤ ਨਾਗਰਿਕਾਂ ਨੂੰ ਸਹੀ ਸੁਵਿਧਾਵਾਂ ਦੇਣ ਦਾ ਯਤਨ ਹੋ ਰਿਹਾ ਹੈ, ਪਰ ਵਧਦੀ ਆਬਾਦੀ ਕਾਰਨ ਇਹ ਯੋਜਨਾ ਵੀ ਸ਼ਹਿਰਾਂ ਦਾ ਬਹੁਤਾ ਕੁਝ ਸੁਆਰਨ 'ਚ ਸਫ਼ਲ ਨਹੀਂ ਹੋ ਸਕੀ। ਸਮਾਰਟ ਸਿਟੀ ਯੋਜਨਾ ਤਹਿਤ



ਗੁਰਮੀਤ ਸਿੰਘ ਪਲਾਹੀ
9815802070

ਸਾਫ਼ ਪਾਣੀ ਦੀ ਉਪਲੱਬਧਤਾ, ਸਾਫ਼-ਸੁਥਰਾ ਵਾਤਾਵਰਨ ਅਤੇ ਹੋਰ ਬੁਨਿਆਦੀ ਢਾਂਚਾ ਨਾਗਰਿਕਾਂ ਨੂੰ ਦੇਣਾ ਸ਼ਾਮਲ ਹੈ। ਸਿੱਖਿਆ, ਸਿਹਤ ਸਹੂਲਤਾਂ ਇਸ ਵਿੱਚ ਸ਼ਾਮਲ ਹਨ। ਪਰ ਸਮਾਰਟ ਸਿਟੀ ਯੋਜਨਾ ਅੱਧਵਾਟੇ ਪਈ ਹੈ।

ਦੇਸ਼ ਦੇ ਸ਼ਹਿਰਾਂ ਦੀ ਅਸਲ ਸਥਿਤੀ ਜ਼ਮੀਨੀ ਪੱਧਰ 'ਤੇ ਕਰੁਣਾਮਈ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਭਾਵੇਂ 70 ਫ਼ੀਸਦੀ ਨਾਗਰਿਕਾਂ ਨੂੰ ਸਾਫ਼ ਪਾਣੀ ਦੀ ਸੁਵਿਧਾ ਸੀ, ਪਰ ਅਸਲ ਵਿੱਚ ਉਹਨਾ ਦੇ ਵਿਹੜਿਆਂ 'ਚ 49 ਫ਼ੀਸਦੀ ਸ਼ਹਿਰੀਆਂ ਲਈ ਪਾਣੀ ਦੀ ਉਪਲੱਬਧਤਾ ਸੀ। ਸੀਵਰੇਜ ਦੀ ਸੁਵਿਧਾ ਦੀ ਇੰਨੀ ਕਮੀ ਸੀ ਕਿ 65 ਫ਼ੀਸਦੀ ਗੰਦਾ ਪਾਣੀ ਖੁਲਾ ਛੱਡਿਆ ਜਾ ਰਿਹਾ ਸੀ, ਜਿਸ ਨਾਲ ਵਾਤਾਵਰਨ ਦਾ ਨੁਕਸਾਨ ਹੋਇਆ ਅਤੇ ਪਾਣੀ ਦੇ ਸਾਧਨ ਵੀ ਪ੍ਰਦੂਸ਼ਿਤ ਹੋਏ। ਅਸਲ ਵਿੱਚ ਸਾਫ਼ ਪਾਣੀ ਹਰੇਕ ਨਾਗਰਿਕ ਲਈ ਉਪਲੱਬਧ ਕਰਾਉਣਾ ਦੇਸ਼ ਲਈ ਸਭ ਤੋਂ ਵੱਡੀ ਚੁਣੌਤੀ ਹੈ, ਜਿਸ ਢੰਗ ਨਾਲ ਜਨਸੰਖਿਆ ਸ਼ਹਿਰਾਂ 'ਚ ਵੱਧ ਰਹੀ ਹੈ, ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ, ਨਦੀਆਂ ਸੁੱਕ ਰਹੀਆਂ ਹਨ ਅਤੇ ਜਲਵਾਯੂ ਤਬਦੀਲੀ ਦਾ ਅਣਚਾਹਿਆ ਅਸਰ ਸ਼ਹਿਰਾਂ ਉਤੇ ਵੱਧ ਵੇਖਣ ਨੂੰ ਮਿਲ ਰਿਹਾ ਹੈ, ਇਸ ਨਾਲ ਸ਼ਹਿਰਾਂ 'ਚ ਵੱਸਦੇ ਲੋਕਾਂ ਦੀਆਂ ਦੁਸ਼ਵਾਰੀਆਂ ਵੱਧ ਰਹੀਆਂ ਹਨ।

ਕੇਂਦਰ ਸਰਕਾਰ ਨੇ 'ਅਮ੍ਰਿਤ ਮਿਸ਼ਨ' ਸ਼ੁਰੂ ਕੀਤਾ ਹੈ, ਜਿਸ ਅਧੀਨ ਸਾਫ਼ ਪਾਣੀ ਅਤੇ ਸੀਵਰੇਜ ਦੀ ਸੁਵਿਧਾ ਦੇਣ ਦੀ ਵਿਵਸਥਾ ਹੈ। ਸਵੱਛ ਭਾਰਤ ਮਿਸ਼ਨ ਤਹਿਤ ਹਰ ਘਰ 'ਚ ਟਾਇਲਟ ਲਗਾਉਣ ਦੀ ਯੋਜਨਾ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਝੁੱਗੀਆਂ, ਝੌਂਪੜੀਆਂ ਵਾਲਿਆਂ ਲਈ ਪੱਕਾ ਮਕਾਨ ਬਨਾਉਣਾ ਸ਼ਾਮਿਲ ਹੈ, ਤਾਂ ਕਿ ਗਰੀਬਾਂ ਲਈ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ। ਪਰ ਅਸਲੀਅਤ 'ਚ ਇਹਨਾ ਯੋਜਨਾਵਾਂ ਨੂੰ ਸਹੀ ਢੰਗ ਨਾਲ ਨੇਪਰੇ ਨਹੀਂ ਚਾੜਿਆ ਜਾ ਸਕਿਆ। ਨੌਕਰਸ਼ਾਹੀ, ਅਫ਼ਸਰਸ਼ਾਹੀ ਦੀ ਬੇਦਿਲੀ ਇਹਨਾ ਨੌਜਵਾਨਾਂ ਨੂੰ ਸਿਰੇ ਚਾੜਨ 'ਚ ਵੱਡੀ ਰੁਕਾਵਟ ਹੈ।

ਇੱਕ ਆਦਰਸ਼ ਸ਼ਹਿਰ ਦੇ ਵਿਕਸਤ ਕਰਨ ਲਈ ਇਹ ਜ਼ਰੂਰੀ ਹੈ ਕਿ ਪਿੰਡ ਕਾਇਮ ਰਹਿਣ। ਚੰਗਾ ਸ਼ਹਿਰ ਵੀ ਤਦੇ ਬਣ ਸਕਦਾ ਹੈ ਜੇਕਰ ਪਿੰਡ ਵੀ ਬਰਾਬਰ 'ਤੇ ਵਿਕਸਤ ਹੋਣ। ਭਾਰਤ ਪਿੰਡਾਂ ਦਾ ਦੇਸ਼ ਹੈ। ਵੱਡੀ ਆਬਾਦੀ ਪੇਂਡੂ ਹੈ। ਕੋਵਿਡ-19 ਦੇ ਸਮੇਂ ਦੌਰਾਨ ਜਦੋਂ ਸ਼ਹਿਰਾਂ 'ਚ ਕੋਵਿਡ-19 ਦਾ ਪ੍ਰਕੋਪ ਵਧਿਆ ਤਾਂ ਪਿੰਡਾਂ ਨੇ ਸ਼ਹਿਰਾਂ ਤੋਂ ਭੱਜਕੇ ਆਈ ਆਬਾਦੀ ਨੂੰ ਸੰਭਾਲਿਆ। ਇਥੋਂ ਤੱਕ ਕਿ ਖੇਤੀ ਨੇ ਅਤੇ ਮਨਰੇਗਾ ਸਕੀਮ ਦੇ ਤਹਿਤ ਇਹਨਾ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ। ਖੇਤੀ ਖੇਤਰ ਦੇ ਵਿਕਾਸ ਦੀ ਦਰ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਸ਼ਹਿਰੀ ਲੋੜਾਂ ਦੀ ਪੂਰਤੀ ਅਤੇ ਅਸਾਨ ਸ਼ਹਿਰੀ ਜੀਵਨ ਅੱਜ ਵੀ ਪਿੰਡਾਂ ਤੇ ਨਿਰਭਰ ਕਰਦਾ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਦਿੱਲੀ ਅਤੇ ਨੋਇਡਾ ਜਿਹੇ ਕਈ ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਦਾ ਸਤਰ ਹਰ ਸਾਲ ਨੀਵਾਂ ਜਾ ਰਿਹਾ ਹੈ। ਦੂਸਰੇ ਮਹਾਂਨਗਰ ਵੀ ਇਸ ਸੰਕਟ 'ਚੋਂ ਲੰਘ ਰਹੇ ਹਨ। ਚੇਨੱਈ ਜਿਹੇ ਸ਼ਹਿਰ 'ਚ ਧਰਤੀ ਹੇਠਲਾ ਪਾਣੀ ਮੁੱਕ ਚੁੱਕਾ ਹੈ। ਇਹੋ ਜਿਹੇ ਸ਼ਹਿਰਾਂ ਦੀ ਦੂਜੀ ਸਮੱਸਿਆ ਮੋਟਰ, ਗੱਡੀਆਂ ਤੇ ਹੋਰ ਵਾਹਨਾਂ ਦੀ ਹੈ, ਜਿਹਨਾ 'ਚੋਂ ਨਿਕਲਦਾ ਧੂੰਆਂ ਸ਼ਹਿਰੀ ਆਬਾਦੀ ਲਈ ਵੱਡੀਆਂ ਬਿਮਾਰੀਆਂ ਲੈਕੇ ਆ ਰਿਹਾ ਹੈ। ਇਹਨਾ ਸ਼ਹਿਰਾਂ ਦੀ ਸਮੱਸਿਆ ਕੱਚਰਾ-ਪ੍ਰਬੰਧਨ ਦੀ ਵੀ ਹੈ, ਸ਼ਹਿਰਾਂ 'ਚ ਕੱਚਰੇ ਦੇ ਢੇਰ ਉੱਚੇ ਹੋ ਰਹੇ ਹਨ। ਜਿਹਨਾ ਨਾਲ ਨਿਪਟਣਾ ਇਸ ਸਮੇਂ ਬਹੁਤ ਔਖਾ ਹੋ ਰਿਹਾ ਹੈ।

ਇਸ ਸਮੇਂ ਦੇਸ਼ ਭਰ ਵਿੱਚ 750 ਤੋਂ ਜ਼ਿਆਦਾ ਸ਼ਹਿਰ ਡੂੰਘੇ ਜਲ ਸੰਕਟ ਦਾ ਸ਼ਿਕਾਰ ਹਨ। ਸ਼ਹਿਰ ਹੋਣ ਜਾਂ ਪਿੰਡ ਜੇਕਰ ਜਲ ਨਹੀਂ ਹੈ ਤਾਂ ਕੱਲ ਨਹੀਂ ਹੈ। ਭਾਵੇਂ ਜਲਪੂਰਤੀ ਅਤੇ ਪ੍ਰਬੰਧਨ ਦੇ ਬੁਨਿਆਦੀ ਢਾਂਚੇ ਲਈ ਸਕੀਮਾਂ ਬਣਾਈਆਂ ਗਈਆਂ ਹਨ। ਪਰ ਹਾਲੇ ਵੀ ਚਾਰ ਹਜ਼ਾਰ ਸ਼ਹਿਰਾਂ ਵਿਚੋਂ ਸਾਢੇ ਤਿੰਨ ਹਜ਼ਾਰ ਛੋਟੇ ਸ਼ਹਿਰ, ਕਸਬੇ ਕਿਸੇ ਵੀ ਜਲ ਪ੍ਰਬੰਧਨ ਕੇਂਦਰੀ ਯੋਜਨਾ ਤਹਿਤ ਸ਼ਾਮਿਲ ਨਹੀਂ ਹਨ।

ਸ਼ਹਿਰੀਕਰਨ ਦੀਆਂ ਭਾਵੇਂ ਅਨੇਕਾਂ ਸਮੱਸਿਆਵਾਂ ਹਨ, ਪਰ ਮੁੱਖ ਤੌਰ 'ਤੇ ਮਕਾਨਾਂ ਦੀ ਘਾਟ ਤੇ ਝੁੱਗੀ-ਝੋਪੜੀ, ਭੀੜ, ਪਾਣੀ ਸਪਲਾਈ ਅਤੇ ਸੀਵਰੇਜ, ਆਵਾਜਾਈ ਤੇ ਟਰੈਫਿਕ ਬਿਜਲੀ ਦੀ ਘਾਟ,ਸੈਨੀਟੇਸ਼ਨ ਅਤੇ ਆਬਾਦੀ ਮੁੱਖ ਹਨ। ਇਹਨਾ ਨੂੰ ਹੱਲ ਕੀਤੇ ਬਿਨਾਂ ਸ਼ਹਿਰੀ ਆਬਾਦੀ ਕਦੇ ਵੀ ਸੁੱਖ ਦਾ ਸਾਹ ਲੈਣ ਯੋਗ ਨਹੀਂ ਹੋ ਸਕੇਗੀ।

ਸ਼ਹਿਰੀਕਰਨ ਨੇ ਵੱਡੀਆਂ ਬੁਨਿਆਦੀ ਸਮੱਸਿਆਵਾਂ 'ਚ ਵਾਧਾ ਕੀਤਾ ਹੈ, ਪਰ ਸ਼ਹਿਰੀਕਰਨ ਨੇ ਮਨੁੱਖੀ ਕਦਰਾਂ ਕੀਮਤਾਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ ਹੈ। ਵੱਡੇ ਪਰਿਵਾਰ ਟੁੱਟੇ ਹਨ, ਭਾਈਚਾਰਕ ਸਾਂਝ ਘਟੀ ਹੈ, ਫ਼ਿਰਕਾਪ੍ਰਸਤੀ ਵੱਧੀ ਹੈ, ਧਰਮ ਦਾ "ਮਜ਼ਹਬੀ ਬੋਲਬਾਲਾ" ਵਧਿਆ ਹੈ। ਸ਼ਹਿਰਾਂ 'ਚ ਕਰਾਈਮ ਦੀਆਂ ਵਧੀਆਂ ਘਟਨਾਵਾਂ ਨੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਰਿਸ਼ਤੇ ਤਾਰ-ਤਾਰ ਹੋਏ ਹਨ। ਇੱਕ ਤਰਾਂ ਸ਼ਹਿਰੀਕਰਨ ਨੇ ਜਲ-ਜਲੌਅ ਤਾਂ ਪੈਦਾ ਕੀਤਾ ਹੈ, ਗਲੈਮਰ ਵਧਿਆ ਹੈ, ਪਰ ਮਨੁੱਖ ਦਾ ਸੁਭਾਅ ਵੀ ਬਦਲਿਆ ਹੈ। ਇਕਲਾਪੇ ਦਾ ਜੀਵਨ ਸ਼ਹਿਰੀਕਰਨ ਦੀ ਵੱਡੀ ਦੇਣ ਹੈ।

ਬਿਨਾਂ ਸ਼ੱਕ ਮੌਜੂਦਾ ਦੌਰ 'ਚ ਸ਼ਹਿਰੀਕਰਨ ਰੋਕਿਆ ਨਹੀਂ ਜਾ ਸਕਦਾ, ਕਿਉਂਕਿ ਪਿੰਡਾਂ ਨਾਲੋਂ ਸ਼ਹਿਰਾਂ ਨੇ ਸਿਆਸੀ, ਸਮਾਜੀ, ਇਕਾਨਮੀ ਦੇ ਖੇਤਰ 'ਚ ਵੱਡੀ ਤਰੱਕੀ ਕੀਤੀ ਹੈ। ਇਸ ਵੱਡੀ ਤਰੱਕੀ 'ਚ ਸਿੱਖਿਆ, ਸਿਹਤ, ਹਾਊਸਿੰਗ ਸੈਨੀਟੇਸ਼ਨ 'ਚ ਪਿੰਡਾਂ ਨਾਲੋਂ ਸ਼ਹਿਰਾਂ 'ਚ ਸੁਵਿਧਾਵਾਂ ਅਤੇ ਸਹੂਲਤਾਂ ਵੱਡੀਆਂ ਹਨ। ਪਰ ਸ਼ਹਿਰਾਂ ਦੇ ਅਨਿਯਮਿਤ ਵਿਕਾਸ ਅਤੇ ਵਧੇਰੇ ਉਦਯੋਗੀਕਰਨ ਨੇਜਿਸ ਢੰਗ ਨਾਲ ਸ਼ਹਿਰੀ ਜੀਵਨ ਔਖਾ ਕੀਤਾ ਹੈ, ਉਹ ਸਰਕਾਰ ਦਾ ਤੁਰੰਤ ਧਿਆਨ ਮੰਗਦਾ ਹੈ।

ਬਿਨਾਂ ਸ਼ੱਕ ਇਸਦਾ ਇਕੋ ਇੱਕ ਸੁਝਾਇਆ ਜਾ ਰਿਹਾ ਹੱਲ ਸ਼ਹਿਰਾਂ ਦੇ ਬੁਨੀਆਦੀ ਢਾਂਚੇ ਦਾ ਵਿਕਾਸ ਕਿਹਾ ਜਾ ਸਕਦਾ ਹੈ, ਪਰ ਸ਼ਹਿਰ ਦਾ ਵਿਕਾਸ, ਪਿੰਡ ਦੇ ਵਿਕਾਸ ਬਿਨਾਂ ਸੰਭਵ ਨਹੀਂ। ਪਿੰਡ ਦਾ ਸਮੂਹਿਕ ਵਿਕਾਸ, ਸ਼ਹਿਰ ਨੂੰ ਸੌਖਿਆ ਕਰ ਸਕਦਾ ਹੈ ਅਤੇ ਸ਼ਹਿਰੀਕਰਨ ਦਾ ਸ਼ਹਿਰਾਂ ਉਤੇ ਦਬਾਅ ਘਟਾ ਸਕਦਾ ਹੈ। ਇਸ ਲਈ ਪਿੰਡਾਂ 'ਚ, ਉਪ ਸ਼ਹਿਰੀ ਖੇਤਰ 'ਚ ਬਿਹਤਰ ਸਿੱਖਿਆ, ਸਿਹਤ ਸੇਵਾਵਾਂ ਤੇ ਸਹੂਲਤਾਂ 'ਚ ਵਾਧਾ ਅਤੇ ਬੁਨਿਆਦੀ ਢਾਂਚੇ 'ਚ ਨਿਵੇਸ਼ ਵੱਢੀ ਰਾਹਤ ਦੇ ਸਕਦਾ ਹੈ ਅਤੇ ਵੱਧ ਰਹੀਆਂ ਸ਼ਹਿਰੀ ਜੀਵਨ ਦੀਆਂ ਜੱਟਲਤਾਵਾਂ ਨੂੰ ਨਿਪਟਾਣ 'ਚ ਸਹਾਈ ਹੋ ਸਕਦਾ ਹੈ।

## ਮਿੰਨੀ ਕਹਾਣੀ

## ਹਿੱਸਾ

-ਡਾਕਟਰ ਪੁਸ਼ਪ ਜਮੁਆਰ

ਜਾਇਦਾਦ ਦੀ ਵੰਡ ਪੈ ਚੁੱਕੀ ਸੀ। ਮਾਂ-ਬਾਪ ਦੀ ਵੰਡ ਬਾਕੀ ਸੀ। ਵੱਡਾ ਬੇਟਾ, "ਪਿਤਾ ਜੀ ਮੇਰੇ ਨਾਲ ਰਹਿਣਗੇ ਅਤੇ ਮਾਂਛੋਟੇ ਨਾਲ।" ਛੋਟਾ ਬੇਟਾ ਖੁਸ਼ ਹੋਇਆ ਕਿ ਮੇਰੇ ਹਿੱਸੇਮਾਂ ਆਈ। ਐਨਾ ਸੁਣ ਕੇ ਨੂੰਹ ਨੇ ਮਨ ਵਿੱਚ ਸੋਚਿਆ ਕਿ ਕੱਲ੍ਹ ਤੋਂ ਨੌਕਰਾਣੀ ਹਟਾ ਦੇਵਾਂਗੇ। ਮਹੀਨੇ ਵਿੱਚ ਅੱਠ-ਦਸ ਹਜ਼ਾਰ ਦੀ ਬੱਚਤ ਹੋਵੇਗੀ ਅਤੇ ਰਸੋਈ ਸੱਸ ਦੇ ਜ਼ਿੰਮੇ, ਮੈਨੂੰ ਆਰਾਮ ਮਿਲੇਗਾ। ਉਹ ਮੁਸਕਰਾਉਂਦੀ ਹੋਈ ਬੋਲੀ, "ਠੀਕ ਹੈ ਹੈ ਜੇਠਾਣੀ ਜੀ, ਮੇਰੇ ਹਿੱਸੇ ਵਿੱਚ ਮਾਂ ਹੀ ਰਹੇਗੀ। ਮੈਨੂੰ ਕਬੂਲ ਹੈ।"

ਵੱਡੀ ਨੂੰਹ ਨੇ ਸੋਚਿਆ ਕਿ ਪੱਚੀ ਹਜ਼ਾਰ ਰੁਪਏ ਪੈਨਸ਼ਨ ਵਾਲੇ ਸਹੁਰੇ ਨੂੰ ਰੱਖਣ ਵਿੱਚ ਘਾਟਾ ਨਹੀਂ। ਕੀ ਹੋਇਆ ਜੇ ਉਹ ਵੀਲ੍ਹਚੇਅਰ ਉੱਤੇ ਹੈ, ਫਿਰ ਵੀ ਘਾਟਾ ਨਹੀਂ ਅਤੇ ਉਹ ਮੰਦ-ਮੰਦ ਮੁਸਕੁਰਾਉਣ ਲੱਗੀ।

ਦੋਵੇਂ ਖੁਸ਼, ਮਾਂ-ਬਾਪ ਦੀ ਅੰਦਰਲੀ ਪੀੜ ਉੱਤੇ ਕਿਸੇ ਨੇ ਨਜ਼ਰ ਨਹੀਂ ਮਾਰੀ। ਫਿਰ ਮਾਂ ਨੇ ਦੁਖੀ ਮਨ ਨਾਲ ਕਿਹਾ, "ਬੇਟਾ, ਤੁਸੀਂ ਦੋਵੇਂ ਆਪਣੇ ਹਿੱਸੇ ਉੱਤੇ ਖੁਸ਼ ਹੋ ਕਿ ਮਨਚਾਹੀ ਮੁਰਾਦ ਪੂਰੀ ਹੋ ਗਈ, ਪਰ ਸਾਡੇ ਦੋਵਾਂ ਦੇ ਹਿੱਸੇ ਵਿੱਚ ਜੁਦਾਈ ਆਈ। ਉਸ ਤੇ ਛੋਟੇ, ਮੇਰੇ ਹਿੱਸੇ ਵਿੱਚ ਤੁਹਾਡੇ ਘਰ ਦਾ ਚੌਂਕ-ਚੁੱਲ੍ਹਾ, ਭਾਂਡੇ, ਬੱਚਿਆਂ ਦੀ ਨੌਕਰਾਣੀ ਬਣਨ ਦੇ ਨਾਲ-ਨਾਲ ਰਸੋਈ ਘਰ ਵੀ ਆਵੇਗਾ। ਮੈਨੂੰ ਕਬੂਲ ਨਹੀਂ। ਮੈਂ ਆਪਣੇ ਅਪਾਹਜ਼ ਪਤੀ ਦੇ ਹਿੱਸੇ ਦਾ ਭਾਗ ਹਾਂ। ਜਾਇਦਾਦ ਦੀ ਵੰਡ ਹੋ ਚੁੱਕੀ ਹੈ। ਆਪਣਾ-ਆਪਣਾ ਹਿੱਸਾ ਲਵੋ ਤੇ ਜਾਵੋ। ਜਦ ਵੀ ਮੇਰੀ ਆਵੇ, ਮੇਰੇ ਕੋਲ ਆ ਜਾਣਾ। ਐਨਾ ਕਹਿ ਕੇ ਸਰਲਾ ਨੇ ਆਪਣੇ ਪਤੀ ਦੀ ਵ੍ਹੀਲਚੇਅਰ ਨੂੰ ਆਪਣੇ ਵੱਲ ਮੋੜ ਲਿਆ।"


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM


Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਪਾਕਿ ਦੀ ਸਰਕਾਰ ਇੱਕ ਹੋਵੇ ਜਾਂ ਦੂਸਰੀ, ਭਾਰਤ ਨਾਲ ਸੰਬੰਧ ਸੁਧਾਰ ਦੇ ਪੱਕੇ ਸੰਕੇਤ ਕੋਈ ਨਹੀਂ



ਜਤਿੰਦਰ ਪੰਨੂ

ਜਦੋਂ ਤੋਂ ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਮਿਲੀ ਤੇ ਇੱਕ ਦਿਨ ਪਹਿਲਾਂ ਪਾਕਿਸਤਾਨ ਨਾਂਅ ਦੇ ਨਵੇਂ ਦੇਸ਼ ਦਾ ਜਨਮ ਹੋਇਆ, ਓਦੋਂ ਤੋਂ ਭਾਰਤ ਨਾਲ ਦੁਵੱਲੇ ਸੰਬੰਧ ਕੁੜੱਤਣ ਭਰਪੂਰ ਰਹੇ ਹਨ। ਕਦੇ-ਕਦੇ ਦੋਵੇਂ ਦੇਸ਼ਾਂ ਦੇ ਹਾਕਮ ਵਕਤੀ ਤੌਰ ਉੱਤੇ ਕੁਝ ਏਦਾਂ ਵਿਖਾਲਾ ਕਰਦੇ ਰਹੇ ਕਿ ਲੋਕਾਂ ਨੂੰ ਸੰਬੰਧਾਂ ਵਿੱਚ ਪੱਕੇ ਸੁਧਾਰ ਦੀ ਆਸ ਬੱਝਣ ਲੱਗ ਜਾਂਦੀ ਸੀ, ਪਰ ਥੋੜ੍ਹੇ ਦਿਨਾਂ ਪਿੱਛੋਂ ਗੱਡੀ ਫਿਰ ਓਸੇ ਲੀਹ ਉੱਤੇ ਚੱਲ ਪੈਂਦੀ ਸੀ। ਇਸ ਦੀ ਜੜ੍ਹ ਇਹ ਕਾਰਨ ਸੀ ਕਿ ਪਾਕਿਸਤਾਨ ਬਣਿਆ ਹੀ ਇਸ ਧਾਰਨਾ ਉੱਤੇ ਸੀ ਕਿ ਭਾਰਤ ਵਿਚਲੇ ਮੁਸਲਮਾਨਾਂ ਨੂੰ ਇਸ ਲਈ ਵੱਖਰਾ ਦੇਸ਼ ਚਾਹੀਦਾ ਹੈ ਕਿ ਜੇ ਵੱਖ ਨਾ ਹੋਏ ਤਾਂ ਉਨ੍ਹਾਂ ਦੀ ਹੋਂਦ ਨੂੰ ਖਤਰਾ ਹੋ ਸਕਦਾ ਹੈ।ਵੱਖਰੇ ਪਾਕਿਸਤਾਨ ਦੇ ਮੋਢੀ ਮੁਹੰਮਦ ਅਲੀ ਜਿਨਾਹ ਦੇ ਜਾਣਕਾਰ ਕਈ ਵਾਰ ਲਿਖ ਚੁੱਕੇ ਹਨ ਕਿ ਉਹ ਪੱਕਾ ਮੁਸਲਮਾਨ ਵੀ ਕਿਹਾ ਜਾਣ ਯੋਗ ਨਹੀਂ ਸੀ, ਕਈ ਕੰਮ ਅਜਿਹੇ ਵੀ ਕਰ ਲੈਂਦਾ ਸੀ, ਜਿਹੜੇ ਇਸਲਾਮ ਵਿੱਚ ਵਰਜਿਤ ਸਨ, ਪਰ ਮੁਸਲਮਾਨਾਂ ਲਈ ਇਹੋ ਗੱਲ ਕਾਫੀ ਸੀ ਕਿ ਉਹ ਵੱਖਰਾ ਦੇਸ਼ ਬਣਾ ਕੇ ਦੇ ਗਿਆ, ਇਸ ਲਈ ਉਹ ਇਸ ਦੇਸ਼ ਦੇ ਲੋਕਾਂ ਲਈ ਖਾਸ ਬਣ ਗਿਆ ਸੀ। ਉਸ ਨੇ ਕਿਉਂਕਿ ਵੱਖਰਾ ਦੇਸ਼ ਬਣਾਇਆ ਸੀ, ਵੱਖਰਾ ਦੇਸ਼ ਬਣਦੇ ਸਾਰਉਸ ਨੇ ਅੰਗਰੇਜ਼ੀ ਹਾਕਮਾਂ ਨਾਲ ਅੱਖ ਮਿਲੀ ਹੋਣ ਕਰ ਕੇ ਆਪਣੇ ਦੇਸ਼ ਦਾ ਇਲਾਕਾ ਹੋਰ ਵਧਾਉਣ ਲਈ ਕਸ਼ਮੀਰ ਰਿਆਸਤ ਵਿੱਚ ਕਬਾਇਲੀ ਲੋਕਾਂ ਦੇ ਭੇਸ ਵਿੱਚ ਆਪਣੀ ਫੌਜ ਦੀ ਘੁਸਪੈਠ ਕਰਵਾ ਕੇ ਦੁਵੱਲੇ ਸੰਬੰਧਾਂ ਵਿੱਚ ਕੁੜੱਤਣ ਦਾ ਪਹਿਲਾਬੀਜ ਬੀਜਿਆ ਸੀ, ਜਿਹੜਾ ਅੱਜ ਤੱਕ ਫਲਦਾ ਪਿਆ ਹੈ।

ਬਾਅਦ ਦੇ ਸਮੇਂ ਦੌਰਾਨ ਜਦੋਂ ਭਾਰਤ ਕਈ ਕਮੀਆਂ-ਕਮਜ਼ੋਰੀਆਂ ਦੇ ਬਾਵਜੂਦ ਇੱਕ ਸੰਵਿਧਾਨ ਬਣਾਉਣ ਪਿੱਛੋਂ ਲੋਕਤੰਤਰ ਦੀ ਲੀਹੇ ਪੈ ਤੁਰਿਆ,ਪਾਕਿਸਤਾਨ ਆਪਣੇ ਮੁੱਢਲੇ ਦਿਨਾਂ ਵੇਲੇ ਹੀ ਲੋਕਤੰਤਰ ਦੀ ਲੀਹ ਚੜ੍ਹਨ ਤੋਂ ਪਾਸਾ ਵੱਟ ਕੇ ਫੌਜੀ ਜਰਨੈਲਾਂ ਦੀ ਤਾਨਾਸ਼ਾਹੀ ਦਾ ਮੁਥਾਜ ਬਣਨ ਤੁਰ ਪਿਆ ਸੀ। ਇਸ ਖੇਡ ਦਾ ਮੁੱਢ ਸਾਲ 1953 ਵਿੱਚ ਸੰਵਿਧਾਨ ਘੜਨੀ ਅਸੈਂਬਲੀ ਵਿੱਚ ਬਹੁਮੱਤ ਵਾਲੇ ਖਵਾਜ਼ਾ ਨਜ਼ੀਮੁਦੀਨ ਨੂੰ ਮੌਕੇ ਦੇ ਗਵਰਨਰ ਜਨਰਲ ਗੁਲਾਮ ਮੁਹੰਮਦ ਵੱਲੋਂ ਫੌਜ ਦੀ ਹੱਲਾਸ਼ੇਰੀ ਨਾਲ ਬਰਖਾਸਤ ਕਰਨਦੇ ਨਾਲ ਬੱਝਾ ਸੀ। ਫਿਰ 1955 ਵਿੱਚ ਗਵਰਨਰ ਜਨਰਲ ਬਣੇ ਇਸਕੰਦਰ ਅਲੀ ਮਿਰਜ਼ਾ ਨੇ ਅਗਲੇ ਸਾਲ ਬਾਕ-ਾਇਦਾ ਰਾਸ਼ਟਰਪਤੀ ਬਣਨ ਤੋਂ ਦੋ ਸਾਲ ਪਿੱਛੋਂ 1958 ਵਿੱਚ ਪ੍ਰਧਾਨ ਮੰਤਰੀ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਪਹਿਲੀ ਵਾਰ ਬਾਕਾਇਦਾ ਫੌਜੀ ਹਕੂਮਤ ਨੂੰ ਵਾਗ ਫੜਾਈ ਸੀ। ਸਾਲ 1970 ਤੱਕ ਉਸ ਦੇਸ਼ ਵਿੱਚ ਕਦੀ ਸਿੱਧੀ ਚੋਣ ਨਹੀਂ ਸੀ ਹੋ ਸਕੀ, ਓਦੋਂ ਵੀ ਪਹਿਲੀ ਚੋਣ ਐਵੇਂ ਵਿਖਾਵਾ ਸੀਅਤੇ ਇਸ ਪਹਿਲੀ ਚੋਣ ਵਿੱਚ ਅਵਾਮੀ ਲੀਗ ਦੀ ਜਿੱਤ ਹੋਣ ਪਿੱਛੋਂ ਇਸ ਦੇ ਆਗੂ ਸ਼ੇਖ ਮੁਜੀਬੁਰ ਰਹਿਮਾਨ ਨੂੰ ਪ੍ਰਧਾਨ ਮੰਤਰੀ ਨਹੀਂ ਸੀ ਬਣਨ ਦਿੱਤਾ ਗਿਆ ਤੇ ਨਤੀਜੇ ਵਜੋਂ ਤਿੱਖੇ ਟਕਰਾਅ ਕਾਰਨ ਇਸ ਦੇਸ਼ ਦਾ ਪੂਰਬੀ ਹਿੱਸਾ ਟੁੱਟ ਕੇ ਬੰਗਲਾ ਦੇਸ਼ ਪੈਦਾ ਹੋ ਗਿਆ ਸੀ।

ਭਾਰਤ ਨਾਲ ਪਾਕਿਸਤਾਨ ਦੇ ਸੰਬੰਧਾਂ ਵਿੱਚ ਦੋਸਤੀ ਤੇ ਕੁੜੱਤਣ ਦਾ ਅਗਲਾ ਦੌਰ ਇਸ ਜੰਗ ਪਿੱਛੋਂ ਨਵੇਂ ਸਿਰਿਉਂ ਚੱਲਿਆ ਸੀ। ਆਪਣੇ ਅਠਾਨਵੇਂ ਹਜ਼ਾਰ ਫੌਜੀ ਕੈਦੀ ਛੁਡਾਉਣ ਲਈ ਓਦੋਂ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਗੱਲਬਾਤ ਦੇ ਗੇੜ ਚਲਾਏ ਤੇ ਸ਼ਿਮਲਾ ਸਮਝੌਤਾ ਲਿਖਣ ਨਾਲ ਦੋਸਤੀ ਦਾ ਮੁੱਢ ਬੱਝਣ ਦੀ ਸੁਰ ਚੁੱਕੀ ਸੀ, ਪਰ ਅਗਲੇ ਸਾਲ ਭਾਰਤ ਨੂੰ ਬੰਗਲਾ ਦੇਸ਼ ਦਾ ਜਵਾਬ ਦੇਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਭੁੱਟੋ ਦਾ ਤਖਤਾ ਪਲਟ ਕੇ ਉਸ ਨੂੰ ਫਾਂਸੀ ਟੰਗ ਦੇਣ ਵਾਲਾ ਜਨਰਲ ਜ਼ਿਆ ਉਲ ਹੱਕਏਸੇ ਤਰ੍ਹਾਂ ਕਦੀ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਦੋਸਤੀ ਦੀਆਂ ਮੀਟਿੰਗਾਂ ਕਰਨ ਅਤੇ ਕਦੀ



ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਦਬਾਕੜੇ ਛੱਡਦਾ ਰਿਹਾ ਸੀ, ਪਰ ਉਸ ਦੀ ਮੌਤ ਮਗਰੋਂ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਬੇਨਜ਼ੀਰ ਭੁੱਟੋ ਤੋਂ ਲੋਕਾਂ ਨੂੰ ਆਸ ਸੀ ਕਿ ਉਹ ਭਾਰਤ ਨਾਲ ਸੰਬੰਧ ਜ਼ਰੂਰ ਸੁਧਾਰੇਗੀ। ਹੋਇਆ ਇਸ ਦੇ ਉਲਟ ਇਹ ਕਿ ਬੇਨਜ਼ੀਰ ਆਪਣੀ ਗੱਦੀ ਪੱਕੀ ਕਰਨ ਲਈ ਕੱਟੜਪੰਥੀਆਂ ਅਤੇ ਫੌਜੀ ਜਰਨੈਲਾਂ ਦੇ ਦਬਾਅ ਹੇਠ ਭਾਰਤ ਕੋਲੋਂ ਸਮੁੱਚਾ ਕਸ਼ਮੀਰ ਖੋਹਣ ਦੇ ਨਾਅਰੇ ਲਾਉਣ ਦੇ ਰਾਹ ਪੈ ਗਈ ਸੀ। ਬਾਅਦ ਵਿੱਚ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਭਾਰਤੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨਾਲ ਗੱਲਬਾਤ ਦਾ ਨਵਾਂ ਗੇੜ ਚੱਲ ਪਿਆ। ਨਵਾਜ਼ ਸ਼ਰੀਫ ਤਰਨ ਤਾਰਨ ਜ਼ਿਲੇ ਦੇ ਪਿੰਡ ਜਾਤੀ ਉਮਰਾ ਦਾ ਜੰਮ-ਪਲ ਸੀ ਅਤੇ ਇੰਦਰ ਕੁਮਾਰ ਗੁਜਰਾਲ ਪਾਕਿ-ਸਤਾਨ ਵਿਚਲੇ ਜੇਹਲਮ ਜ਼ਿਲੇ ਦੇ ਪਿੰਡ ਪਰੀ ਦਰਵੇਜ਼ਾ ਵਿੱਚ ਪੈਦਾ ਹੋਇਆ ਹੋਣ ਕਰ ਕੇ ਦੁਵੱਲੇ ਸੰਬੰਧਸੁਧਾਰਨ ਦੀਆਂ ਬਹੁਤ ਆਸਾਂ ਹੋਣ ਲੱਗੀਆਂ ਸਨ, ਪਰ ਗੱਲ ਸਿਰੇ ਓਦੋਂ ਵੀ ਨਹੀਂ ਸੀ ਚੜ੍ਹ ਸਕੀ ਅਤੇ ਅਟਲ ਬਿਹਾਰੀ ਵਾਜਪਾਈ ਦੇ ਯਤਨ ਵੀ ਸਿਰੇ ਨਹੀਂ ਸਨ ਚੜ੍ਹ ਸਕੇ। ਪਾਕਿਸਤਾਨੀ ਫੌਜ ਦੇ ਮੁਖੀ ਪਰਵੇਜ਼ਮੁਸ਼ੱਰਫ ਨੇ ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਨਾਂਅ ਉੱਤੇ ਆਪਣੀ ਫੌਜ ਦੀ ਲਾਮਬੰਦੀ ਕਰਵਾ ਕੇ ਨਵਾਜ਼ ਸ਼ਰੀਫ ਨੂੰ ਦੱਸੇ ਬਗੈਰ ਕਾਰਗਿਲ ਦੀ ਜੰਗ ਲਾ ਦਿੱਤੀ ਅਤੇ ਸੰਬੰਧ ਸੁਧਰਨ ਦੀ ਥਾਂ ਹੋਰ ਵਿਗਾੜ ਦਿੱਤੇ ਸਨ।

ਆਪਣੀ ਪੂਰੀ ਚੜ੍ਹਤ ਦੇ ਦੌਰ ਵਿੱਚ ਜਨਰਲ ਮੁਸ਼ੱਰਫ ਨੇ ਅਟਲ ਬਿਹਾਰੀ ਵਾਜਪਾਈ ਨਾਲ ਸੰਬੰਧ ਸੁਧਾਰਨ ਬਾਰੇ ਗੱਲ ਏਦਾਂ ਸ਼ੁਰੂ ਕੀਤੀ, ਜਿਵੇਂ ਸਿਰੇ ਚਾੜ੍ਹਨ ਦਾ ਮਨ ਬਣਾ ਚੁੱਕਾ ਹੋਵੇ, ਪਰ ਅੰਤ ਨੂੰ ਲਿਖਿਆ ਪਿਆ ਸਾਂਝਾ ਐਲਾਨਨਾਮਾ ਆਗਰੇ ਵਿੱਚ ਛੱਡ ਕੇ ਪਾਕਿਸਤਾਨ ਨੂੰ ਵਾਪਸੀ ਉਡਾਰੀ ਮਾਰ ਗਿਆ ਸੀ। ਓਦੋਂ ਬਾਅਦ ਨਵਾਜ਼ ਸ਼ਰੀਫ ਤੇ ਆਸਿਫ ਅਲੀ ਜ਼ਰਦਾਰੀ ਦੇ ਵੇਲੇ ਵੀ ਥੋੜ੍ਹੀ-ਜਿਹੀ ਹਿਲਜੁਲ ਹੋਈ, ਪਰ ਗੱਲ ਅੱਗੇ ਨਹੀਂ ਵਧੀ। ਇਮਰਾਨ ਖਾਨ ਦੇ ਆਉਣ ਨਾਲ ਸੰਬੰਧ ਸੁਧਰਨ ਦੀ ਆਸ ਸੀ, ਪਰ ਉਸ ਦੇ ਸਹੁੰ ਚੁੱਕ ਸਮਾਗਮ ਵਿੱਚ ਉਸ ਦਾ ਯਾਰ ਨਵਜੋਤ ਸਿੰਘ ਸਿੱਧੂ ਅਚਾਨਕ ਜਿਸ ਤਰ੍ਹਾਂ ਚਰਚਾ ਦਾ ਕੇਂਦਰ ਬਣ ਗਿਆ ਤੇ ਉਹ ਹਰ ਗੱਲ ਵਿੱਚ 'ਮੈਂ ਆਹ ਕੀਤਾ' ਕਹਿਣ ਲੱਗ ਪਿਆ ਤਾਂ ਉਸ ਦੇ ਵਿਰੋਧੀ ਇਸ ਸਾਂਝ ਪ੍ਰਕਿਰਿਆ ਦੀਆਂ ਤੰਦਾਂ ਟੁੱਕਣ ਲੱਗ ਪਏ। ਪ੍ਰਧਾਨ ਮੰਤਰੀ ਵਜੋਂ ਮਿਆਦ ਪੂਰੀ ਕੀਤੇ ਬਿਨਾਂ ਉਸ ਦੀ ਕੁਰਸੀ ਖੁੱਸ ਜਾਣ ਪਿੱਛੋਂ ਫਿਰ ਨਵਾਜ਼ ਸ਼ਰੀਫ ਦਾ ਭਰਾ ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦਾ ਪ੍ਰਧਾਨ ਮਤਰੀ ਬਣ ਜਾਣ ਨਾਲ ਕੁਝ ਲੋਕਾਂ ਨੂੰ ਇੱਕ ਵਾਰ ਫਿਰ ਉਹੋ ਸੰਬੰਧਸੁਧਰਨ ਦੀ ਝਾਕ ਹੋ ਗਈ ਸੁਣੀ ਜਾ ਰਹੀ ਹੈ, ਪਰ ਤਜਰਬਾ ਦੱਸਦਾ ਹੈ ਕਿ ਆਸ ਜਿੰਨੀ ਮਰਜ਼ੀ ਕੋਈ ਲਾਉਂਦਾ ਰਹੇ, ਪਾਕਿਸਤਾਨ ਨਾਲ ਸੰਬੰਧਾਂ ਵਿੱਚ ਸੁਧਾਰ ਕੋਈ ਨਹੀਂ ਹੋ ਸਕਣਾ।

ਸਾਡੇ ਇਹ ਕਹਿਣ ਦਾ ਅਰਥ ਇਹ ਨਹੀਂ ਕਿ ਅਸੀਂ ਦੋਵਾਂ ਵਿੱਚ ਸਾਂਝ ਨਹੀਂ ਚਾਹੁੰਦੇ, ਸਗੋਂ ਅਸੀਂ ਯੂਰਪੀ ਦੇਸ਼ਾਂ ਦੇ ਲੋਕਾਂ ਵਰਗੀ ਸਾਂਝ ਚਾਹੁੰਦੇ ਹਾਂ, ਜਿੱਥੇ ਇੱਕ ਦੂਸਰੇ ਦੇਸ਼ ਵਿੱਚ ਸਹਿਜ ਭਾਅ ਨਾਲ ਆਉਣ-ਜਾਣ ਹੋ ਸਕਦਾ ਹੈ। ਔਕੜ ਅਸਲ ਵਿੱਚ ਇਹ ਹੈ ਕਿ ਓਥੋਂ ਦੀ ਰਾਜਨੀਤੀ ਦੇ ਰਥਵਾਨਾਂ ਨੇ ਪਿਛਲੇ ਸਤੱਤਰ ਸਾਲਾਂ ਦੌਰਾਨ ਆਪਣੇ ਲੋਕਾਂ ਨੂੰ ਇਹ ਹੀ ਸਬਕ ਪੜ੍ਹਾਇਆ ਹੈ ਕਿ ਭਾਰਤ ਨੇ ਪਾਕਿਸਤਾਨ ਨੂੰ ਹੜੱਪ ਕਰ ਜਾਣਾ ਹੈ। ਭਾਰਤ ਦੀ ਏਦਾਂ ਦੀ ਸੋਚ ਨਹੀਂ। ਕਈ ਸਾਲ ਪਹਿਲਾਂ ਜਦੋਂ ਮਣੀ ਸ਼ੰਕਰ ਅਈਅਰ ਪਾਕਿਸਤਾਨ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਸੀ ਤਾਂ ਇੱਕ ਸੈਮੀਨਾਰ ਵਿੱਚ ਇਹੋ ਸਵਾਲ ਉਸ ਨੂੰ ਪੁੱਛਿਆ ਗਿਆ ਸੀ ਕਿ ਤੁਹ-ਾਡਾ ਦੇਸ਼ ਪਾਕਿਸਤਾਨ ਨੂੰ ਹੜੱਪ ਜਾਣਾ ਚਾਹੁੰਦਾ ਹੈ। ਉਸ ਦਾ ਜਵਾਬ ਓਦੋਂ ਵੀ ਦਲੀਲ ਪੂਰਨ ਸੀ ਤੇ ਅੱਜ ਵੀ ਢੁਕਵਾਂ ਹੈ। ਮਣੀ ਸ਼ੰਕਰ ਨੇ ਕਿਹਾ ਸੀ ਕਿ ਸਾਡੇ ਭਾਰਤ ਦੇ ਢਾਈ ਦਰਜਨ ਰਾਜਾਂ ਵਿੱਚੋਂ ਚਾਰ-ਪੰਜ ਰਾਜਾਂ ਵਿੱਚ ਬਦ-ਅਮਨੀ ਹੈ ਤੇ ਅਸੀਂ ਉਨ੍ਹਾਂ ਦੀ ਬਦ-ਅਮਨੀ ਸੰਭਾਲਣ ਵਿੱਚ ਔਖ ਮਹਿਸੂਸ ਕਰਦੇ ਹਾਂ। ਜੇ ਪਾਕਿਸਤਾਨ ਸਾਡੇ ਵਿੱਚ ਮਿਲਾ ਦਿੱਤਾ ਜਾਵੇ ਤਾਂ ਇਸ ਦੇ ਪੰਜ ਰਾਜਾਂ ਵਿੱਚੋਂ ਇੱਕ ਵੀ ਸ਼ਾਂਤ ਨਹੀਂ। ਜਿਹੜਾ ਭਾਰਤ ਆਪਣੇ ਪਹਿਲੇ ਚਾਰ-ਪੰਜ ਰਾਜਾਂ ਵਿੱਚ ਚੱਲਦੀ ਬਦ-ਅਮਨੀ ਸੰਭਾਲਣ ਵਿੱਚ ਔਖ ਮਹਿਸੂਸ ਕਰਦਾ ਹੈ, ਉਹ ਤੁਹਾਡੇ ਵਾਲੇ ਪੰਜ ਹੋਰ ਮਿਲਾ ਕੇ ਮੁਸੀਬਤ ਵਿੱਚ ਵਾਧਾ ਕਰਨ ਦੀ ਬੇਵਕੂਫੀ ਕਦੇ ਨਹੀਂ ਕਰੇਗਾ। ਸਾਡੇ ਢਾਈ ਦਰਜਨ ਰਾਜਾਂ ਦੇ ਲੋਕਾਂ ਦੀ ਕਮਾਈ ਪਹਿਲਾਂ ਇਨ੍ਹਾਂ ਚਾਰ-ਪੰਜ ਰਾਜਾਂ ਨੂੰ ਸੰਭਾਲਣ ਉੱਤੇ ਲੱਗਦੀ ਹੈ, ਫਿਰ ਤੁਹਾਡੇ ਵਾਲੇ ਪੰਜ ਰਾਜਾਂ ਵਿੱਚ ਵੀ ਫੌਜਾਂ ਲਾਉਣੀਆਂ ਅਤੇ ਉਨ੍ਹਾਂ ਦਾ ਖਰਚਾ ਆਪਣੇ ਸਿਰ ਲੈਣਾ ਪਵੇਗਾ। ਏਦਾਂ ਦੀ ਬੇਵਕੂਫੀ ਅਸੀਂ ਨਹੀਂ ਸੋਚਾਂਗੇ। ਉਸ ਦੀ ਇਸ ਦਲੀਲ ਉੱਤੇ ਪਾਕਿਸਤਾਨੀ ਮੀਡੀਆ ਕਈ ਦਿਨ ਵੱਖ-ਵੱਖ ਪੱਖਾਂ ਤੋਂ ਚਰਚਾ ਕਰਦਾ ਰਿਹਾ ਸੀ।

ਹਾਲਾਤ ਵਿੱਚ ਉਸ ਦੇ ਬਾਅਦ ਕਿਸੇ ਤਰ੍ਹਾਂ ਦਾ ਸੁਖਾਵਾਂ ਮੋੜ ਭਾਰਤ ਵਿੱਚ ਨਹੀਂ ਆਇਆ, ਚਾਰ ਰਾਜਾਂ ਦੀ ਹਾਲਤ ਸੁਧਰੇ ਤਾਂ ਪੰਜ ਹੋਰਨਾਂ ਦੀ ਵਿਗੜ ਜਾਂਦੀ ਹੈ ਅਤੇ ਨਾ ਪਾਕਿਸਤਾਨ ਦੇ ਹਾਲਾਤ ਸੁਧਰੇ ਹਨ। ਜਿਹੜੀ ਦਲੀਲ ਮਣੀ ਸ਼ੰਕਰ ਅਈਅਰ ਨੇ ਓਦੋਂ ਦਿੱਤੀ ਸੀ, ਭਾਰਤ ਦੀ ਨੀਤੀ ਦਾ ਹਿੱਸਾ ਅੱਜ ਵੀ ਉਹੀ ਹੋ ਸਕਦੀ ਹੈ। ਪਾਕਿ-ਸਤਾਨ ਵਿੱਚ ਵੀ ਸਥਿਤੀ ਨਾ ਸਿਰਫ ਅਮਨ-ਕਾਨੂੰਨ ਖਰਾਬ ਹੋਣ ਪੱਖੋਂ ਓਦੋਂ ਵਾਲੀ ਜਾਂ ਉਸ ਤੋਂ ਵੱਧ ਖਰਾਬ ਹੋ ਚੁੱਕੀ ਹੈ, ਸਗੋਂ ਓਥੇ ਫੌਜੀ ਜਕੜ ਵੀ ਉਸ ਦੇਸ਼ ਦੀ ਨਬਜ਼ ਉੱਤੇ ਓਦੋਂ ਵਾਂਗ ਪੱਕੀ ਹੈ ਅਤੇ ਇਹ ਧਾਰਨਾ ਕਾਇਮ ਹੈ ਕਿ ਉਸ ਦੇਸ਼ ਨੂੰ ਭਾਰਤ ਵੱਲੋਂ ਹੜੱਪੇ ਜਾਣ ਤੋਂ ਬਚਾਉਣਾ ਹੈ ਤਾਂ ਫੌਜ ਦੀ ਸਰਦਾਰੀ ਨੂੰ ਚੈਲਿੰਜ ਨਾ ਕਰੋ। ਜਿਹੜਾ ਕੋਈ ਆਗੂ ਕਦੀ ਫੌਜ ਦੀ ਇਸ ਸਰਦਾਰੀ ਨੂੰ ਚੁਣੌਤੀ ਦੇਣ ਦੀ ਮਾੜੀ-ਮੋਟੀ ਵਿਚਾਰ ਕਰਨ ਲੱਗਦਾ ਹੈ, ਉਸ ਦੀ ਕੁਰਸੀ ਦੇ ਪਾਵੇ ਕੱਟੇ ਜਾਂਦੇ ਹਨ ਤੇ ਅਗਲੇ ਹਫਤੇ ਸੜਕ ਸਵਾਰ ਹੋਣਾ ਪੈ ਜਾਂਦਾ ਹੈ। ਇਸ ਕਰ ਕੇ ਪ੍ਰਧਾਨ ਮੰਤਰੀ ਓਥੇ ਜਿਹੜਾ ਵੀ ਬਣ ਜਾਵੇ, ਜਿਹੜੀਆਂ ਧਾਰਨਾਵਾਂ ਨਾਲ ਓਥੋਂ ਦੀ ਫੌਜੀ ਕਮਾਂਡ ਚੱਲਦੀ ਹੈ ਤੇ ਜਿਵੇਂ ਓਥੇ ਰਾਜਨੀਤੀ ਅੱਜ ਤੱਕ ਵੀ ਫੌਜੀ ਕਮਾਂਡ ਦੀ ਅਧੀਨਗੀ ਹੇਠ ਚੱਲਦੀ ਹੈ, ਭਾਰਤ-ਪਾਕਿ ਸੰਬੰਧਾਂ ਵਿੱਚ ਸੁਧਾਰ ਦੀ ਵੱਡੀ ਇੱਛਾ ਦੇ ਬਾਵਜੂਦ ਵੱਡੇ ਸੁਫਨੇ ਨਹੀਂ ਲਏ ਜਾ ਸਕਦੇ।

# ਤੇਰੀ ਕਣਕ ਦੀ ਰਾਖੀ ਮੁੰਡਿਆ...



-ਜਸਪ੍ਰੀਤ ਕੌਰ ਸੰਘਾ-

ਪੰਜਾਬੀ ਲੋਕ ਗੀਤ ਪੰਜਾਬੀਆਂ ਦੀ ਜੀਵਨ ਜਾਚ ਦੀ ਬਾਤ ਬਹੁਤ ਸੁਚੱਜੇ ਢੰਗ ਨਾਲ ਪਾਉਂਦੇ ਹਨ। ਇਸੇ ਕਰ ਕੇ ਪੰਜਾਬ ਦੇ ਕਿਸਾਨੀ ਜੀਵਨ ਬਾਰੇ ਵੀ ਸਾਡੇ ਲੋਕ ਗੀਤਾਂ ਵਿੱਚ ਠੋਕ ਕੇ ਗੱਲ ਕੀਤੀ ਗਈ ਹੈ। ਸਾਡੇ ਪੁਰਖਿਆਂ ਨੇ ਕਿਰਤ ਦਾ ਸਭਿਆਚਾਰ ਦਿੱਤਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰ ਕੇ ਇੱਥੋਂ ਦਾ ਜੀਵਨ ਫਸਲਾਂ ਨਾਲ ਨੇੜਿਓਂ ਜੁੜਿਆ ਹੈ। ਇੱਥੋਂ ਦੀ ਮਿੱਟੀ ਉਪਜਾਊ ਹੋਣ ਕਾਰਨ ਸਾਰਾ ਸਾਲ ਖੇਤ ਫਸਲਾਂ ਨਾਲ ਲਹਿਰਾਉਂਦੇ ਰਹਿੰਦੇ ਹਨ। ਸਾਰਾ ਸਾਲ ਅੰਨਦਾਤਾ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਹੈ। ਕਣਕ, ਚੌਲ, ਮੱਕੀ, ਕਪਾਹ, ਗੰਨਾ ਆਦਿ ਪੰਜਾਬ ਦੀਆਂ ਮੁੱਖ ਫਸਲਾਂ ਹਨ।

ਕਣਕ ਹਾੜ੍ਹੀ ਰੁੱਤ ਦੀ ਮੁੱਖ ਫਸਲ ਹੈ। ਆਮ ਤੌਰ ਉੱਤੇ ਪੰਜਾਬ ਵਿੱਚ ਨਵੰਬਰ ਮਹੀਨੇ ਵਿੱਚ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ ਤੇ ਛੇ ਮਹੀਨੇ ਦੀ ਮਿਹਨਤ ਤੋਂ ਬਾਅਦ ਅਪ੍ਰੈਲ ਵਿੱਚ ਇਸ ਦੀ ਵਾਢੀ ਕੀਤੀ ਜਾਂਦੀ ਹੈ। ਕਿਸਾਨ ਕਣਕ ਦੀ ਫਸਲ ਨੂੰ ਪੁੱਤਾਂ ਵਾਂਗ ਪਾਲਦੇ ਹਨ। ਪਹਿਲਾਂ ਇਹ ਪੋਹ ਦੀਆਂ ਠੰਢੀਆਂ ਰਾਤਾਂ ਜਾਗ ਕੇ ਇਸ ਨੂੰ ਪਾਣੀ ਲਾਉਂਦੇ ਹਨ, ਫਿਰ ਵਿਸਾਖ ਦੀਆਂ ਧੁੱਪਾਂ ਵਿੱਚ ਕਣਕ ਦੀ ਵਾਢੀ ਕਰਦੇ ਹਨ।

ਸਾਡੇ ਲੋਕ ਗੀਤਾਂ ਵਿੱਚ ਵੀ ਕਣਕ ਦੀ ਫਸਲ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ ਜਿਵੇਂ :

ਕਦੀ ਉਡਾਵਾਂ ਤਿੱਤਰ ਬਟੇਰੇ, ਕਦੇ ਉਡਾਵਾਂ ਕਾਂ
ਜਿੰਦ ਮਲੂਕ ਜਿਹੀ ਏ ਮੇਰੀ, ਵੇ ਮੈਂ ਕਿੱਧਰ ਕਿੱਧਰ ਜਾਂ
ਜੇ ਅੱਡੀ ਮਾਰ ਉਡਾਵਾਂ, ਮੇਰੀ ਝਾਂਜਰ ਲਹਿੰਦੀ
ਤੇਰੀ ਕਣਕ ਦੀ ਰਾਖੀ ਮੁੰਡਿਆ,ਵੇ ਮੈਂ ਨਾ ਬਹਿੰਦੀ।

ਚੇਤ ਮਹੀਨੇ ਵਿੱਚ ਕਣਕਾਂ ਰੰਗ ਵਟਾ ਲੈਂਦੀਆਂ ਹਨ। ਕਣਕਾਂ ਹਰੇ ਕਚੂਰ ਰੰਗ ਨੂੰ ਬਦਲ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਹਨ। ਇਸੇ ਕਰ ਕੇ ਚੇਤ ਮਹੀਨੇ ਮੀਂਹ ਦੀ ਉਡੀਕ ਨਹੀਂ ਕੀਤੀ ਜਾਂਦੀ ਕਿਉਂਕਿ ਓਦੋਂ ਪਿਆ ਮੀਂਹ ਫਸਲਾਂ ਨੂੰ ਨੁਕਸਾਨ ਪੁਚਾਉਂਦਾ ਹੈ। ਇਸੇ ਕਾਰਨ ਜਦੋਂ ਚੇਤ ਮਹੀਨੇ ਕਾਲੀਆਂ ਘਟਾਵਾਂ ਚੜ੍ਹਦੀਆਂ ਹਨ ਤਾਂ ਇਨ੍ਹਾਂ ਕਾਲੀਆਂ ਘਟਾਵਾਂ ਨੂੰ ਵੇਖ ਕੇ ਕਿਸਾਨ ਖੁਸ਼ ਹੋਣ ਦੀ ਥਾਂ ਉਦਾਸ ਹੋ ਜਾਂਦਾ ਹੈ। ਲੰਬੀ ਮਿਹਨਤ ਤੋਂ ਬਾਅਦ ਜਦੋਂ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤਾਂ ਸੋਨੇ ਰੰਗੀ ਕਣਕ ਵੇਖ ਕੇ ਕਿਸਾਨ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਇਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਬਾਖੂਬੀ ਕੀਤਾ ਗਿਆ ਹੈ ਜਿਵੇਂ :

ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ
ਕਣਕਾਂ ਨਿੱਸਰਦੀਆਂ।

ਵਿਸਾਖੀ ਦਾ ਤਿਉਹਾਰ ਨੇੜੇ ਆਉਂਦਾ ਵੇਖ ਕਣਕ ਦੀ ਵਾਢੀ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ ਕਿਉਂਕਿ ਵਿਸਾਖੀ ਦੇ ਤਿਉਹਾਰ ਨੂੰ ਕਣਕ ਦੀ ਫਸਲ ਨਾਲ ਜੋੜਿਆਜਾਂਦਾ ਹੈ। ਵਿਸਾਖੀ ਦੇ ਦਿਨ ਹੀ ਕਿਸਾਨ ਕਣਕ ਦੀ ਵਾਢੀ ਦੀ ਸ਼ੁਰੂਆਤ ਦਾ ਸ਼ਗਨ ਕਰਦੇ ਹਨ, ਜਿਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਮਿਲਦਾ ਹੈ :

ਆਈ ਹੈ ਵਿਸਾਖੀ ਰਿਹਾ ਨਾ ਸ਼ੱਕ ਮਿੱਤਰੋ
ਪੁੱਤਾਂ ਵਾਂਗ ਪਾਲੀ ਹਾੜ੍ਹੀ ਗਈ ਪੱਕ ਮਿੱਤਰੋ
ਵਾਢੀ ਕਰਨ ਲਈ ਬੰਨ੍ਹ ਲਓ ਲੱਕ ਮਿੱਤਰੋ।

ਅੱਜ ਜਿਉਂ ਜਿਉਂ ਸਮਾਂ ਬਦਲ ਰਿਹਾ ਹੈ, ਤਿਉਂ ਤਿਉਂ ਖੇਤੀ ਤਕਨੀਕ ਵਿੱਚ ਬਦਲਾਅ ਆ ਰਿਹਾ ਹੈ। ਅੱਜ ਕਣਕ ਦੀ ਵਾਢੀ ਕੰਬਾਈਨ ਨਾਲ ਕਰ ਲਈ ਜਾਂਦੀ ਹੈ, ਪਹਿਲਾਂ ਵਾਢੀ ਹੱਥੀਂ ਕੀਤੀ ਜਾਂਦੀ ਹੋਣ ਕਾਰਨ ਵਾਢੀ ਦੀਆਂ ਤਿਆਰੀਆਂ ਵੀ ਪਹਿਲਾਂ ਆਰੰਭ ਕੀਤੀਆਂ ਜਾਂਦੀਆਂ ਸਨ। ਸਭ ਤੋਂ ਪਹਿਲਾਂ ਕਣਕ ਦਆਂ ਭਰੀਆਂ ਬੰਨ੍ਹਣ ਲਈ ਬੇੜਾਂ ਵੱਟੀਆਂ ਜਾਂਦੀਆਂ ਹਨ, ਜਿਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ :

ਚਾੜ੍ਹ ਦਿਉ ਬੇੜਾਂ ਨੂੰ ਦੁਵੱਲੇ ਵੱਟ ਮਿੱਤਰੋ।
ਕਣਕ ਚੱਲੀ ਆ ਦਿਨਾਂ ਵਿੱਚ ਪੱਕ ਮਿੱਤਰੋ।

ਕਣਕ ਦੀ ਫਸਲ ਦੀ ਕਟਾਈ ਸਾਰੇ ਪਰਵਾਰ ਵੱਲੋਂ ਮਿਲ ਕੇ ਹੱਥੀਂ ਦਾਤੀਆਂ ਨਾਲ ਕੀਤੀ ਜਾਂਦੀ ਸੀ। ਵਾਢੀ ਵਿੱਚ ਬਾਬੇ ਤੋਂ ਲੈ ਕੇ ਪੋਤਰੇ ਤੱਕ ਸਭ ਪਰਵਾਰਕ ਮੈਂਬਰ ਯੋਗਦਾਨ ਪਾਉਂਦੇ ਸਨ। ਘਰ ਦੀਆਂ ਔਰਤਾਂ ਵੀ ਕਣਕ ਵਾਢੀ ਵਿੱਚ ਮਰਦਾਂ ਦੇ ਬਰਾਬਰ ਯੋਗਦਾਨ ਪਾਉਂਦੀਆਂ ਸਨ, ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਵਾਰ-ਵਾਰ ਆਉਂਦਾ ਹੈ ਜਿਵੇਂ :

ਹੱਥੀਂ ਦਾਤੀ ਚੰਦਨ ਦਾ ਦਸਤਾ
ਲੱਛੋ ਕੁੜੀ ਵਾਢੀਆਂ ਕਰੇ।

ਇਸੇ ਤਰ੍ਹਾਂ :

ਹਾੜ੍ਹੀ ਵੱਢੂੰਗੀ ਬਰਾਬਰ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ।

ਕਣਕ ਦੀ ਵਾਢੀ ਸਮੇਂ ਕੋਈ ਵਿਹਲਾ ਨਹੀਂ ਰਹਿੰਦਾ। ਕਿਸਾਨ, ਮਜ਼ਦੂਰ ਮਿਲ ਕੇ ਵਾਢੀ ਕਰਦੇ ਸਨ। ਤਰਖਾਣ ਤੇ ਲੁਹਾਰ ਕਿਸਾਨਾਂ ਨੂੰ ਦਾਤੀਆਂ ਤਿਆਰ ਕਰ ਕੇ ਦਿੰਦੇ ਸਨ ਤੇ ਪਿੰਡ ਦੇ ਝਿਊਰ ਪਿੱਛੋਂ ਖੇਤਾਂ ਵਿੱਚ ਪਾਣੀ ਵਰਤਾਉਂਦੇ ਸਨ। ਸਾਰਾ ਦਿਨ ਵਾਢੀ ਦਾ ਕੰਮ ਚੱਲਦਾ ਸੀ। ਸ਼ਾਮ ਪੈਣ ਉੱਤੇ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਤਾਂ ਕਿ ਮੀਂਹ ਹਨੇਰੀ ਆਉਣ ਉੱਤੇ ਵੱਢੀ ਹੋਈ ਕਣਕ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕੇ। ਸਾਰੀ ਵਾਢੀ ਖਤਮ ਹੋਣ ਤੋਂ ਬਾਅਦ ਮਸ਼ੀਨ ਰਾਹੀਂ ਕਣਕ ਕੱਢ ਲਈ ਜਾਂਦੀ ਸੀ। ਦਾਣੇ ਘਰ ਲਿਆ ਕੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਮਨਾਇਆ ਜਾਂਦਾ ਸੀ ਅਤੇ ਤੂੜੀ ਕੁੱਪ ਬੰਨ੍ਹ ਕੇ ਸੰਭਾਲ ਲਈ ਜਾਂਦੀ ਸੀ, ਜੋ ਫਿਰ ਸਾਰਾ ਸਾਲ ਪਸ਼ੂਆਂ ਦੇ ਚਾਰੇ ਦੇ ਕੰਮ ਆਉਂਦੀ ਸੀ :

ਸੁੱਖ ਮੰਗੀਏ ਵਾਢੀਏ
ਅਗਲੇ ਸਾਲ ਫਿਰ ਆਵੀਂ
ਰਿਜ਼ਕ ਦੇ ਗੱਡੇ ਭਰ ਕੇ
ਫਿਰ ਅਗਲੇ ਸਾਲ ਲਿਆਵੀਂ।

ਅੱਜ ਦੇ ਮਸ਼ੀਨੀ ਯੁੱਗ ਵਿਚ ਕਣਕ ਦੀ ਵਾਢੀ ਦਾ ਉਹ ਪੁਰਾਣਾ ਢੰਗ ਬਦਲ ਗਿਆ ਹੈ। ਅੱਜ ਹੱਥੀਂ ਵਾਢੀ ਕਰਦੇ ਕਿਸਾਨ ਘੱਟ ਹੀ ਵੇਖਣ ਨੂੰ ਮਿਲਦੇ ਹਨ। ਕਣਕ ਦੀ ਵਢਾਈ ਕੰਬਾਈਨਾਂ ਨਾਲ ਹੋਣ ਲੱਗੀ ਹੈ ਜਿਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਹੱਥੀਂ ਕੰਮ ਕਰਨ ਦਾ ਰਿਵਾਜ ਖਤਮ ਹੁੰਦਾ ਜਾਂਦਾ ਹੈ। ਦੂਸਰਾ ਕੰਬਾਈਨ ਨਾਲ ਵਢਾਈ ਕਰਵਾਉਣ ਨਾਲ ਸਮੇਂ ਦੀ ਬੱਚਤ ਹੋ ਜਾਂਦੀ ਹੈ ਅਤੇ ਮੌਸਮ ਦੀ ਮਾਰ ਦੇ ਡਰ ਦੇ ਕਾਰਨ ਕਿਸਾਨ ਕੰਬਾਈਨ ਨਾਲ ਕਣਕ ਦੀ ਵਢਾਈ ਕਰਵਾਉਣਾ ਠੀਕ ਸਮਝਦੇ ਹਨ ਕਿਉਂਕਿ ਇਸ ਨਾਲ ਦਿਨਾਂ ਦਾ ਕੰਮ ਘੰਟਿਆਂ ਵਿੱਚ ਹੋ ਜਾਂਦਾ ਹੈ। ਕੁਝ ਵੀ ਹੋਵੇ ਜੋ ਰੌਣਕਾਂ ਕਣਕ ਦੀ ਵਾਢ ਸਮੇਂ ਪਹਿਲਾਂ ਪਿੰਡਾਂ ਵਿੱਚ ਲੱਗਦੀਆਂ ਸਨ, ਉਹ ਰੌਣਕਾਂ ਅੱਜ ਨਹੀਂ ਰਹੀਆਂ।

## ਕਹਾਣੀ

## ਭਾਰੀਆਂ ਪੰਡਾਂ

-ਕੁਲਵੰਤ ਘੋਲੀਆ

ਦੋ ਤਿੰਨ ਘਰਾਂ ਦਾ ਕੰਮ ਸਮੇਟ ਸੁਵਖਤੇ ਹੀ ਕਾਹਲੇ ਕਾਹਲੇ ਕਦਮੀਂ ਤਾਰੋ ਸਰਦਾਰਾਂ ਦੀ ਹਵੇਲੀ ਦੇ ਵੱਡੇ ਦਰਵਾਜ਼ੇ ਜਾ ਪਹੁੰਚੀ।ਸਾਹਮਣੇ ਆਉਂਦੇ ਲੰਬੜਾਂ ਦੇ ਭੋਲੇ ਨੂੰ ਵੇਖ ਕੇ ਤਾਰੋ ਨੇ ਚੁੰਨੀ ਦਾ ਇੱਕ ਪਾਸਾ ਸਿਰ ਉੱਤੇ ਲੈ, ਮੂੰਹ ਵਿੱਚ ਘੁੱਟ ਲਿਆ।ਪਿੱਛੋਂ ਜਾਂਦੇ ਨੂੰ ਚੋਰ ਅੱਖਾਂ ਜਿਹੀਆਂ ਨਾਲ ਵੇਖਿਆ, ''ਇਹ ਦਾ ਰੋਜ਼ ਹੀ ਆਉਣਾ-ਜਾਣਾ ਸਰਦਾਰਾਂ ਦੇ. ਭਲਾ ਇਹੋ ਜਿਹਾ ਕੀ ਕੰਮ ਆ ਪਿਆ ਇਹਨੂੰ। ਹਾਂ ਸੱਚ, ਯਾਦ ਆਇਆ, ਆਹ ਤਾਂ ਲੋਕਾਂ ਦੇ ਜੁਆਕਾਂ ਨੂੰ ਜਹਾਜ਼ੇ ਬਿਠਾਉਂਦਾ, ਵੱਡੇ ਵੱਡੇ ਮੁਲਕਾਂ ਨੂੰ ਭੇਜਦਾ। ਪਤਾ ਨ੍ਹੀਂ ਕਿਹੜੀ ਗਿੱਦੜਸਿੰਙੀ ਆ ਇਹਦੇ ਕੋਲ, ਜੀਹਨੂੰ ਇੱਕ ਵਾਰ ਹਾਮੀ ਭਰਦੈ ਜਹਾਜ਼ੇ ਬਿਠਾ ਕੇ ਛੱਡਦਾ। ਆਹ ਵੱਡੇ ਸ਼ਹਿਰ ਇਹਦੀ ਵਾਹਵਾ ਬਣਦੀ ਆ ਏਜੰਟਾਂ ਨਾਲ। ਰੱਬ ਵੀ ਨਾ ਤਕੜਿਆਂ ਵੱਲ ਹੀ ਹੋ ਬੈਠਦੈ। ਆਹ ਪਿਛਲੇ ਹਫਤੇ ਸਰਪੰਚਾਂ ਦੇ ਮੁੰਡੇ ਨੂੰ ਏਸੇ ਨੇ ਭੇਜਿਆ ਬਾਹਰਲੇ ਦੇਸ਼, ਉਹ ਵਾਹਵਾ ਪੜ੍ਹਿਆ ਲਿਖਿਆ ਸੀ, ਕਹਿੰਦੇ ਵਾਹਵਾ ਨੰਬਰ ਲਏ ਸੀ ਉਹਨੇ ਬਾਹਰ ਜਾਣ ਲਈ, ਪਰ ਆਹ ਸਰਦਾਰਾਂ ਦੇ ਕੋਈ ਬਾਹਲਾ ਪੜ੍ਹਿਆ ਲਿਖਿਆ ਹੈਨੀ, ਭਲਾ ਫਿਰ ਰੋਜ਼ ਗੇੜਾ ਕਿਉਂ ਮਾਰਦੈ। ਲੈ ਦੱਸ ਕਮਲੀ, ਭਲਾ ਮੈਂ ਕੀ ਲੈਣਾ। ਕੋਈ ਆਵੇ ਕੋਈ ਜਾਵੇ।''

ਖੁਦ ਨੂੰ ਝਿੜਕਾਂ ਦਿੰਦੀ ਤਾਰੋ ਹਵੇਲੀ ਦੇ ਅੰਦਰ ਜਾ ਪਹੁੰਚੀ।

''ਆ ਜਾ ਨੀ ਤਾਰੋ, ਲੈ ਤੈਨੂੰ ਉਡੀਕਦੀ ਪਈ ਸੀ'', ਅੰਦਰੋਂ ਜਾਲੀ ਵਾਲੀ ਬਾਰੀ ਖੋਲ੍ਹ ਸਰਦਾਰਨੀ ਨੇ ਤਾਰੋ ਨੂੰ ਵੇਖ ਆਖਿਆ।

''ਭਾਈ ਤਾਰੋ, ਜਲਦੀ ਆ ਜਿਆ ਕਰ। ਸਾਫ ਸਫਾਈਆਂ ਬਹੁਤ ਪਈਆਂ ਨੇ ਕਰਨ ਵਾਲੀਆਂ।''

''ਕੀ ਦੱਸਾਂ ਸਰਦਾਰਨੀਏ, ਤੈਨੂੰ ਪਤਾ ਈ ਐ, ਕਬੀਲਦਾਰੀ ਵੱਡੀ ਐ। ਕੋਠੇ ਜਿੱਡੀਆਂ ਹੋ ਗਈਆਂ ਦੋਵੇਂ ਧੀਆਂ। ਉਤੋਂ ਹਲੇ ਪੜ੍ਹਦੀਆਂ ਨੇ। ਕਹਿੰਦੀਆਂ ਪੜ੍ਹ ਲਿਖ ਜਹਾਜ਼ੇ ਬੈਠਣਾ। ਵੱਡੇ ਮੁਲਕ ਵਿੱਚ ਪੜ੍ਹਨ ਜਾ ਕੇ।ਕਹਿੰਦੇ ਪੰਡ ਪੈਸਿਆਂ ਦੀ ਲੱਗਦੀ ਐ ਵੱਡੇ ਮੁਲਖ ਪੜ੍ਹਨ ਲਈ, ਭਲਾ ਸਾਡੇ ਗਰੀਬਾਂ ਕੋਲ ਕੀ ਆ ਸਰਦਾਰਨੀਏ। ਆਹ ਪੰਜ ਚਾਰ ਘਰਾਂ ਵਿੱਚ ਗੋਹਾ ਕੂੜਾ ਕਰਦੀ ਆਂ ਤਾਂ ਪੰਡ ਕੱਖਾਂ ਦੀ ਮਿੱਲ ਜਾਂਦੀ ਐ। ਚੌਥੇ ਸੂਏ ਮੱਝ ਨੇ ਕੱਟੀ ਦਿੱਤੀ ਐ, ਸੁੱਖ ਨਾਲ ਦੁੱਧ ਹੋ ਗਿਆ ਘਰੇ। ਦੋ ਡੰਗ ਡੇਅਰੀ ਪਾ ਦੇਈ ਦਾ, ਕੁੜੀਆਂ ਦੀ ਫੀਸ ਨਿਕਲ ਆਉਂਦੀ ਐ। ਆਹ ਜਹਾਜ਼ਾਂ ਵਿੱਚ ਬੈਠਣ ਵਾਲੀਆਂ ਗੱਲਾਂ ਤਾਂ ਸਾਡੇ ਗਰੀਬਾਂ ਲਈ ਸੁਫਨੇ ਹੀ ਨੇ।''ਉਦਾਸ ਜਿਹੀ ਹੋ ਤਾਰੋ ਨੇ ਝਾੜੂ ਜਾ ਚੁੱਕਿਆ।

ਤਾਰੋ ਦੀ ਗੱਲ ਸੁਣ ਜਿਵੇਂ ਸਰਦਾਰਨੀ ਦੇ ਅੰਦਰਲੇ ਵਲਵਲੇ ਬਾਹਰ ਆ ਗਏ, ''ਉਰੇ ਆ ਕੁੜੇ ਤਾਰੋ, ਤੈਨੂੰ ਇੱਕ ਅੰਦਰਲੀ ਦੱਸਾਂ।''

''ਦੱਸ ਸਰਦਾਰਨੀਏ।''

''ਆਹ ਲੰਬੜਾਂ ਦਾ ਭੋਲਾ ਰਿਸ਼ਤਾ ਲੈ ਕੇ ਆਇਆ ਆਪਣੀ ਰੱਜੀ ਲਈ। ਮੁੰਡਾ ਵੱਡੇ ਮੁਲਕ ਰਹਿੰਦੈ। ਸਾਰਾ ਟੱਬਰ ਪੱਕਾ ਉਥੇ। ਇਧਰ ਆਏ ਹੋਏ ਐ ਮੁੰਡੇ ਦਾ ਵਿਆਹ ਕਰਨ। ਭੋਲੇ ਨੇ ਆਪਣੀ ਰੱਜੀ ਦੀ ਗੱਲ ਚਲਾਈ ਤੇ ਉਹ ਮੰਨ ਗਏ। ਆਹ ਪੰਦਰਾਂ ਦਿਨਾਂ ਦੇ ਅੰਦਰ ਵਿਆਹ ਧਰ'ਤਾ। ਵਿਆਹ ਤੋਂ ਬਾਅਦ ਆਪਣੀ ਰੱਜੀ ਵੀ ਵੱਡੇ ਮੁਲਕ ਚਲੀ ਜਾਊਗੀ।''

ਸਰਦਾਰਨੀ ਨੇ ਦੋਵੇਂ ਹੱਥ ਜੋੜ ਅੱਖਾਂ ਮੀਚ ਜਿਵੇਂ ਰੱਬ ਦਾ ਸ਼ੁਕਰਾਨਾ ਜਿਹਾ ਕੀਤਾ।

ਤਾਰੋ ਗਹਿਰ ਗੰਭੀਰ ਜਿਹੀ ਹੋ ਗਈ। ਸਰਦਾਰਨੀ ਦੀ ਕਹੀ ਗੱਲ ਜਿਵੇਂ ਉਸ ਦੀ ਸੋਚ ਤੋਂ ਪਾਰ ਹੋ ਗਈ। ਚੁੱਪ ਤੋੜ ਤਾਰੋ ਝੱਟ ਬੋਲੀ, ''ਸਰਦਾਰਨੀਏ, ਮੇਰੀ ਵੱਡੀ ਧੀ ਕਹਿੰਦੀ, ਪੜ੍ਹਨਾ ਬਹੁਤ ਪੈਂਦਾ, ਫਿਰ ਕਿਤੇ ਜਾ ਕੇ ਬਾਹਰਲੇ ਮੁਲਕ ਜਾਇਆ ਜਾਂਦਾ। ਤੇ ਆਹ ਥੋਡੀ ਰੱਜੀ ਤਾਂ ਮੈਨੂੰ ਪਤਾ ਦਸਵੀਂ ਤੋਂ ਬਾਅਦ ਸਕੂਲੇ ਹੀ ਨਹੀਂ ਗਈ।''ਤਾਰੋ ਨੇ ਜਿਵੇਂ ਸੱਪ ਦੀ ਪੂਛ ਉੱਤੇ ਪੈਰ ਧਰ ਦਿੱਤਾ। ਸਰਦਾਰਨੀ ਅੰਦਰੋਂ ਤੜਪ ਉਠੀ, ਪਰ ਜ਼ੁਬਾਨੋਂ ਕੁਝ ਨਾ ਬੋਲੀ।

''ਲੈ ਆ ਪੜ੍ਹਾਈਆਂ ਵੀ ਕਈ ਵਾਰ ਕੰਮ ਨ੍ਹੀਂ ਆਉਂਦੀਆਂ। ਪੈਸੇ ਦੀ ਖੇਡ ਆ ਤਾਰੋ, ਨਾਲੇ ਸਾਨੂੰ ਕਾਹਦਾ ਘਾਟਾ। ਪੈਸਿਆਂ ਦੀ ਪੰਡ ਦੇਣੀ ਐ ਅਗਲਿਆਂ ਨੂੰ ਤੇ ਉਹ ਵੀ ਝੱਟ ਮੰਨ ਗਏ।''

ਸਰਦਾਰਨੀ ਦੇ ਅੰਦਰਲਾ ਹੰਕਾਰੀ ਸੱਪ ਹੁਣ ਫੁੰਕਾਰੇ ਮਾਰਦਾ ਨਜ਼ਰ ਆਇਆ।

''ਚੱਲ ਸਰਦਾਰਨੀਏ ਰੱਬ ਭਲੀ ਕਰੇ, ਧੀਆਂ ਦੀ ਕਿਸਮਤ, ਕੀ ਪਤਾ ਕਿੱਧਰ ਲੈ ਜਾਣਾ।'' ਤੇ ਮੂੰਹ ਵਿੱਚ ਕੋਈ ਗਾਣਾ ਗੁਣਗੁਣਾਉਂਦੀ ਤਾਰੋ ਵਿਹੜਾ ਹੂੰਝਣ ਲੱਗੀ।

''ਕੁੜੇ ਤਾਰੋ, ਆਹ ਭਲਾ ਤੂੰ ਕੀ ਗਾਉਂਦੀ ਰਹਿਨੀ ਏਂ, ਕੀ ਮਤਲਬ ਆ ਇਹਦਾ?''

''ਸਰਦਾਰਨੀਏ, ਥੋਡੀ ਸਮਝੋਂ ਪਰ੍ਹੇ ਆ, ਜੀਹਦੇ ਸਿਰ ਉੱਤੇ ਪੈਂਦੀਆਂ ਉਹੀ ਜਾਣਦੈ ਇਸ ਦਾ ਮਤਲਬ। ਕੁਝ ਸੁਫਨੇ ਬੜੇ ਵੱਡੇ ਹੁੰਦੇ ਆ ਸਰਦਾਰਨੀਏ, ਉਹ ਸੁੱਤੇ ਰਹਿ ਕੇ ਨਹੀਂ, ਜਾਗਦੀਆਂ ਅੱਖਾਂ ਨਾਲ ਪੂਰੇ ਕੀਤੇ ਜਾਂਦੇ ਆ।ਸੂਰਜ ਨਾਲ ਅੱਖ ਨਾਲ ਅੱਖ ਮਿਲਾ ਕੇ, ਨਾਲੇ ਸਾਡੇ ਵਿਹੜਿਆਂ ਵਿੱਚ ਤਾਂ ਇਹ ਸੂਰਜ ਚੜ੍ਹਦੇ ਨਹੀਂ, ਚੜ੍ਹਾਉਣੇ ਪੈਂਦੇ ਆ।''

''ਚੱਲ ਛੱਡ ਤਾਰੋ, ਮੈਨੂੰ ਨੀ ਸਮਝ ਆਉਂਦੀਆਂ ਤੇਰੀਆਂ ਉਰਲੀਆਂ-ਪਰਲੀਆਂ! ਇਉਂ ਕਰੀਂ ਆਹ ਪੰਦਰਾਂ ਦਿਨ ਹੋਰਾਂ ਘਰਾਂ ਦਾ ਕੰਮ ਕਰਨਾ ਛੱਡ ਦੇ ਜਾਂ ਆਵਦੀਆਂ ਧੀਆਂ ਨੂੰ ਭੇਜ ਦਿਆ ਕਰੀਂ ਪੈਸੇ ਚਾਰ ਵੱਧ ਲੈ ਲਈ। ਨਾਲੇ ਪਸ਼ੂਆਂ ਨੂੰ ਕੱਖ ਦੀ ਪੰਡ ਵੀ ਏਧਰੋਂ ਲੈ ਜਾਇਆ ਕਰੀਂ। ਕੱਲ੍ਹ ਤੋਂ ਹਵੇਲੀ ਸਮੇਂ ਨਾਲ ਆ ਜਾਵੀਂ।''

ਸ਼ਾਮ ਢਲੀ ਤਾਰੋ ਨੇ ਸਾਰੇ ਕੰਮ ਨਿਪਟਾ, ਪੱਠਿਆਂ ਦੀ ਪੰਡ ਵੱਢ ਲਈ ਤੇ ਇੱਕੋ ਝਟਕੇ ਪੰਡ ਸਿਰ ਉੱਤੇ ਰੱਖ ਲਈ।

''ਚੰਗਾ ਸਰਦਾਰਨੀਏ ਚਲਦੀ ਆਂ, ਘਰ ਦੇ ਕੰਮ ਵੀ ਕਰਨੇ ਆ, ਜਾ ਕੇ। ਕੱਲ੍ਹ ਨੂੰ ਸੁਵੱਖਤੇ ਆਜੂੰ ਮੈਂ।''

ਬੂਹੇ ਅੰਦਰ ਵੜਦੀ ਦੀ ਵੱਡੀ ਧੀ ਨੇ ਭੱਜ ਕੇ ਤਾਰੋ ਦੇ ਸਿਰੋਂ ਪੱਠਿਆਂ ਦੀ ਪੰਡ ਲੁਹਾ ਦਿੱਤੀ।

''ਕੀ ਗੱਲ ਮਾਂ, ਅੱਜ ਆਥਣ ਕਰ ਦਿੱਤਾ। ਏਡਾ ਕਿਹੜਾ ਕੰਮ ਆਣ ਪਿਆ?''

''ਧੀਏ, ਸਰਦਾਰਨੀ ਦੀ ਕੁੜੀ ਦਾ ਵਿਆਹ ਧਰ'ਤਾ।''

''ਅੱਛਾ, ਰੱਜੀ ਦਾ, ਹਾਂ ਉਹ ਮੇਰੇ ਨਾਲ ਹੀ ਪੜ੍ਹਦੀ ਹੁੰਦੀ ਸੀ, ਪਰ ਸਕੂਲੋਂ ਹਟ ਗਈ ਸੀ।''

''ਮੁੰਡਾ ਵੱਡੇ ਮੁਲਕੋਂ ਆਇਆ ਹੋਇਆ ਤੇ ਵਿਆਹ ਕਰਵਾ ਕੇ ਰੱਜੀ ਨਾਲ ਜਾਊ ਬਾਹਰਲੇ ਮੁਲਕ। ਐਂ ਭਲਾ ਕਿਵੇਂ ਹੋਜੂ, ਨਾਲੇ ਕਹਿੰਦੇ ਵੱਡੇ ਮੁਲਕਾਂ ਵਿੱਚ ਜਾਣ ਲਈ ਪੜ੍ਹਨਾ ਪੈਂਦਾ। ਆਹ ਨੰਬਰ ਨੂੰਬਰ ਜੇ ਲੈਣੇ ਪੈਂਦੇ ਆ।''

''ਓ ਹੋ ਮਾਂ, ਤੂੰ ਜਮ੍ਹਾਂ ਭੋਲੀ ਆਂ। ਇਹ ਵੀ ਇੱਕ ਅਮੀਰਾਂ ਦੀ ਸਕੀਮ ਈ ਆ। ਇਹਨੂੰ ਵਿਆਹ ਘੱਟ ਤੇ ਸੌਦੇਬਾਜ਼ੀ ਜ਼ਿਆਦਾ ਕਹਿੰਦੇ ਆ।''

ਸੌਦੇਬਾਜ਼ੀ ਸ਼ਬਦ ਸੁਣ ਕੇ ਤਾਰੋ ਫਿਰ ਗੰਭੀਰ ਸੋਚਾਂ ਵਿੱਚ ਪੈ ਗਈ।

''ਵਾਗਰੂ ਵਾਗਰੂ ਭਲਾ ਇੰਝ ਵੀ ਆਪਣੇ ਧੀਆਂ ਪੁੱਤਾਂ ਦੇ ਸੌਦੇ ਹੁੰਦੇ ਆ।''

''ਚੱਲ ਛੱਡ ਮਾਂ, ਤੂੰ ਕਿਹੜੀਆਂ ਸੋਚਾਂ ਵਿੱਚ ਪੈ ਗਈ। ਨਹਾ ਲੈ, ਰੋਟੀ ਬਣੀ ਐ। ਭੁੱਖ ਲੱਗੀ ਐ। ਚੱਲ ਖਾਈਏ।''

ਤਾਰੋ ਦੀ ਜ਼ਿੰਦਗੀ ਜਿਵੇਂ ਆਪਣੀਆਂ ਧੀਆਂ ਦੁਆਲੇ ਘੁੰਮਦੀ ਰਹੀ। ਕਦੇ ਕੰਮ ਤੋਂ ਮੂੰਹ ਨਾ ਮੁੜਿਆ, ਬੱਸ ਧੀਆਂ ਨੂੰ ਪੜ੍ਹਾਉਂਦੀ ਰੀਹ। ਸਾਲ ਬੀਤ ਗਿਆ ਤੇ ਵੱਡੀ ਧੀ ਨੂੰ ਪੜ੍ਹ ਲਿਖ ਨੌਕਰੀ ਮਿਲ ਗਈ। ਅਖੀਰ ਚੰਗਾ ਘਰ-ਬਾਰ ਵੇਖ ਕੇ ਉਸ ਦਾ ਵਿਆਹ ਕਰ ਦਿੱਤਾ।ਧੀ ਆਪਣੀ ਮਾਂ ਦੀ ਪੂਰੀ ਮਦਦ ਕਰਦੀ। ਉਸ ਨੂੰ ਘਰਾਂ ਵਿੱਚ ਗੋਹਾ ਕੂੜਾ ਨਾ ਕਰਨ ਦਿੰਦੀ, ਪਰ ਜਿਨ੍ਹਾਂ ਨੇ ਜੰਮਦਿਆਂ ਹੀ ਵੱਡੀਆਂ ਕਬੀਲਦਾਰੀਆਂ ਢੋਈਆਂ ਹੋਣ, ਉਹ ਵਿਹਲੇ ਕਿਸ ਤਰ੍ਹਾਂ ਬੈਠ ਸਕਦੇ ਨੇ।

ਇੱਕ ਮੱਝ ਤਾਂ ਤਾਰੋ ਦੀ ਪੱਕੀ ਹੀ ਰੱਖੀ ਹੋਈ ਸੀ।ਅੱਜ ਕਈ ਦਿਨਾਂ ਬਾਅਦ ਤਾਰੋ ਹਵੇਲੀ ਵੱਲ ਹੋ ਗਈ। ਅੰਦਰ ਵੜਦਿਆਂ ਹੀ ਸਾਹਮਣੇ ਬੈਠੀ ਸਰਦਾਰਨੀ ਨੇ ਤਾਰੋ ਨੂੰ ਵੇਖ ਕੇ ਅੱਜ ਕੋਈ ਹੁੰਗਾਰਾ ਜਿਹਾ ਨਾ ਭਰਿਆ।

''ਕੀ ਗੱਲ ਸਰਦਾਰਨੀਏ ਉਦਾਸੀ ਕਿਉਂ ਏਂ?''

ਲੰਮਾ ਜਿਹਾ ਹਉਕਾ ਲੈ ਸਰਦਾਰਨੀ ਨੇ ਮਸਾਂ ਗੱਲ ਸ਼ੁਰੂ ਕੀਤੀ, ''ਭਾਈ ਤਾਰੋ, ਤੇਰੀਆਂ ਉਰਲੀਆਂ-ਪਰਲੀਆਂ ਉਸ ਸਮੇਂ ਸਮਝੋ ਬਾਹਰ ਸੀ, ਪਰ ਅੱਕ ਅੱਖਾਂ ਮੂਹਰੇ ਬੀਤ ਗਈਆਂ। ਸੱਚਮੁੱਚ ਸੁਫਨੇ ਸੁੱਤੇ ਰਹਿ ਕੇ ਨਹੀਂ ਖੁੱਲ੍ਹੀਆਂ ਅੱਖਾਂ ਨਾਲ ਪੂਰੇ ਹੁੰਦੇ ਆ, ਸੂਰਜ ਨਾਲ ਅੱਖ ਨਾਲ ਅੱਖ ਮਿਲਾ ਕੇ, ਪਰ ਅਸੀਂ ਖੁੱਲ੍ਹੀਆਂ ਅੱਖਾਂ ਉੱਤੇ ਪੱਟੀ ਹੀ ਬੰਨ੍ਹ ਲਈ। ਸਭ ਦਿਸਦੇ ਹੋਏ ਵੀ ਕੁਝ ਵੇਖ ਨਾ ਸਕੇ।''

''ਕੀ ਬੁਝਾਰਤਾਂ ਜਿਹੀਆਂ ਪਾਈ ਜਾਨੀ ਏਂ ਸਰਦਾਰਨੀਏ, ਸਭ ਠੀਕ ਤਾਂ ਹੈ?'' ਤਾਰੋ ਨੇ ਫਿਕਰ ਜਿਹੇ ਨਾਲ ਪੁੱਛਿਆ।

''ਤਾਰੋ ਤੈਨੂੰ ਪਤਾ ਈ ਐ ਰੱਜੀ ਦੇ ਵਿਆਹ ਉੱਤੇ ਕਿੰਨਾ ਪੈਸ ਦਿੱਤਾ ਤੇ ਕਿੰਨਾ ਲੱਗਿਆ। ਧੀ ਦੇ ਚੰਗੇ ਭਵਿੱਖ ਲਈ ਉਹਨੂੰ ਬਾਹਰਲੇ ਮੁਲਕ ਤੋਰਿਆ, ਪਰ ਉਥੇ ਜਾ ਕੇ ਪਤਾ ਲੱਗਿਆ ਕਿ ਉਹ ਮੁੰਡਾ ਪਹਿਲਾਂ ਵਿਆਹਿਆ ਹੋਇਆ ਏ ਤੇ ਦੋ ਜੁਆਕ ਵੀ ਨੇ ਉਥੇ, ਪਰ ਕਰ ਕੀ ਸਕਦੇ ਆਂ। ਰੱਜੀ ਔਖੀ ਸੌਖੀ ਛੇ ਮਹੀਨੇ ਰਹੀ ਤੇ ਵਾਪਸ ਆ ਗਈ। ਉਹ ਆਪਣੀ ਨਾਨੀ ਕੋਲ ਰਹਿੰਦੀ ਐ। ਇੱਕੋ ਗੱਲ ਆਖਦੀ ਆ ਕਿ ਅਸੀਂ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਰੋਜ਼ ਥਾਣੇ ਕਚਹਿਰੀਆਂ ਵਿੱਚ ਜਾ ਕੇ ਖੱਜਲ ਖੁਆਰ ਹੋਏ ਪਏ ਆਂ। ਅੱਗੋਂ ਕੁਝ ਨਹੀਂ ਦਿਸਦਾ। ਬੱਸ ਇੱਕੋ ਫਿਕਰ ਆ ਕਿ ਕਰਜ਼ੇ ਦੀ ਭਾਰੀ ਪੰਡ ਸਿਰੋਂ ਕਿਵੇਂ ਲੱਥੂਗੀ। ਅਸੀਂ ਤਾਂ ਆਪਣਾ ਸਭ ਕੁਝ ਗਵਾ ਲਿਆ।''

ਅੱਜ ਤਾਰੋ ਨੂੰ ਸੱਚਮੁੱਚ ਹਵੇਲੀਆਂ ਅੰਦਰਲਾ ਦਰਦ ਮਹਿਸੂਸ ਹੋਇਆ।

''ਸਰਦਾਰਨੀਏ ਗੁੱਸਾ ਨਾ ਕਰੀਂ, ਪਰ ਇੱਕ ਗੱਲ ਏ। ਉਹ ਤੁਸੀਂ ਵਿਆਹ ਨਹੀਂ ਸੀ ਕੀਤਾ, ਸੌਦੇਬਾਜ਼ੀ ਕੀਤੀ ਸੀ। ਆਪਣੀ ਧੀ ਵੇਚੀ ਸੀ। ਤੇ ਅਜਿਹੀ ਖਰੀਦ-ਵੇਚ ਵਿੱਚ ਵਾਧੇ ਘਾਟੇ ਤਾਂ ਪੈਂਦੇ ਹੀ ਰਹਿੰਦੇ ਨੇ।''

ਇੰਨਾ ਆਖਦੀ ਆਖਦੀ ਤਾਰੋ ਨੇ ਪੱਠਿਆਂ ਦੀ ਪੰਡ ਵੱਢ ਇੱਕੋ ਝਟਕੇ ਨਾਲ ਸਿਰ ਉੱਤੇ ਧਰ ਲਈ।ਤੁਰੀ ਜਾਂਦੀ ਤਾਰੋ ਨੂੰ ਪਿੱਛੋਂ ਫੇਰ ਸਰਦਾਰਨੀ ਨੇ ਆਵਾਜ਼ ਮਾਰੀ, ''ਤਾਰੋ, ਏਨੀ ਭਾਰੀ ਪੱਠਿਆਂ ਦੀ ਪੰਡ ਤੂੰ ਕਿਵੇਂ ਚੁੱਕ ਲੈਨੀ ਏਂ?''

''ਸਰਦਾਰਨੀਏ, ਇਹ ਭਾਰ ਸਾਨੂੰ ਢਿੱਡੋਂ ਜੰਮਦੀਆਂ ਨੂੰ ਮਹਿਸੂਸ ਹੋਣ ਲੱਗ ਪਿਆ ਸੀ, ਪਰ ਇੱਕ ਗੱਲ ਆਖਾਂ! ਥੋਡੇ ਸਿਰ ਉੱਤੇ ਪਏ ਭਾਰ ਤੋਂ ਕਈ ਗੁਣਾ ਹੌਲੀਆਂ ਨੇ ਇਹ ਪੰਡਾਂ। ਇਹ ਪੰਡਾਂ ਰੋਟੀ ਵੀ ਦਿੰਦੀਆਂ ਤੇ ਸੁੱਖ ਦੀ ਨੀਂਦ ਵੀ। ਸਬਰ ਸੰਤੋਖ ਨਾਲ ਜਿਊਣਾ ਵੀ ਸਿਖਾਉਂਦੀਆਂ ਨੇ।''

ਏਨਾ ਆਖ ਤਾਰੋ ਹਵੇਲੀਓਂ ਬਾਹਰ ਹੋ ਗਈ। ਅੱਜ ਤਾਰੋ ਨੂੰ ਸੱਚਮੁੱਚ ਭਾਰੀਆਂ ਪੰਡਾਂ ਉੱਤੇ ਮਾਣ ਜਿਹਾ ਮਹਿਸੂਸ ਹੋਣ ਲੱਗਾ। ਉਹ ਉਚੀ ਆਵਾਜ਼ ਵਿੱਚ ਗਾਉਂਦੀ ਘਰ ਨੂੰ ਪਰਤ ਗਈ ''ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।''

## ਬਿਊਟੀ ਟਿਪਸ

# ਟੈਨਿੰਗ ਤੋਂ ਪ੍ਰੇਸ਼ਾਨ ਹੋ ਤਾਂ ਕਰੋ ਸੰਤਰੇ ਦਾ ਇਸਤੇਮਾਲ

ਸਕਿਨ ਟੈਨ ਹੋਣਾ ਅੱਜਕੱਲ੍ਹ ਆਮ ਗੱਲ ਹੈ। ਬਹੁਤ ਜ਼ਿਆਦਾ ਧੁੱਪ ਵਿੱਚ ਘੁੰਮਣਾ ਜਾਂ ਸੂਰਜ ਦੀਆਂ ਹਾਨੀਕਾਰਕ ਅਲਟਰ ਵਇਲੈਟ ਕਿਰਨਾਂ ਨਾਲ ਸਕਿਨ ਦੀ ਟੈਨਿੰਗ ਹੋਣਾ ਯਾਨੀ ਸਕਿਨ ਦਾ ਰੰਗ ਕਾਲਾ ਪੈਣ ਆਮ ਹੈ। ਮਾਹਰਾਂ ਦੀ ਮੰਨਣਾ ਹੈ ਕਿ ਸੰਤਰੇ ਦੇ ਇਸਤੇਮਾਲ ਨਾਲ ਟੈਨਿੰਗ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਸਕਿਨ ਦਾ ਰੰਗ ਸਾਫ ਹੁੰਦਾ ਹੈ। ਟੈਨਿੰਗ ਤੋਂ ਛੁਟਕਾਰਾ ਪਾਉਣ ਲਈ ਇੱਕ ਵੱਡਾ ਚਮਚ ਚਮਚ ਸੰਤਰੇ ਦੇ ਛਿਲਕੇ ਦਾ ਪਾਊਡਰ, ਇੱਕ ਚੁਟਕੀ ਹਲਦੀ, ਕੈਲੇਮਾਈਨ ਪਾਊਡਰ ਜਾਂ ਚੰਦਨ ਪਾਊਡਰ ਅਤੇ ਸ਼ਹਿਦ ਦੀਆਂ ਕੁਝ ਬੂੰਦਾਂ ਮਿਲਾ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ ਉੱਤੇ ਲਗਾ ਕੇ ਹਲਕੇ ਹੱਥਾਂ ਨਾਲ ਇੱਕ ਮਿੰਟ ਮਲੋ ਅਤੇ ਇਸ ਨੂੰ ਪੰਜ ਮਿੰਟ ਤੱਕ ਲੱਗਾ ਰਹਿਣ ਦਿਓ, ਫਿਰ ਇਸ ਨੂੰ ਪਣੀ ਨਾਲ ਧੋ ਲਓ।

ਸੰਤਰੇ ਦੇ ਰਸ ਵਿੱਚ ਸਾਈਟ੍ਰਿਕ ਐਸਿਡ ਹੁੰਦਾ ਹੈ, ਜੋ ਕੁਦਰਤੀ ਰੂਪ ਤੋਂ ਬਲੀਚਿੰਗ ਦਾ ਕੰਮ ਕਰਦਾ ਹੈ। ਜੇ ਤੁਸੀਂ ਚਾਹੋ ਤਾਂ ਸੰਤਰੇ ਦੇ ਜੂਸ ਨੂੰ ਆਈਸ ਟ੍ਰੇਅ ਵਿੱਚ ਫਰੀਜ ਕਰ ਸਕਦੇ ਹੋ ਅਤੇ ਬਾਅਦ ਵਿੱਚ ਫਰੈਸ਼ ਲੁਕ ਦੇ ਲਈ ਇਸ ਨੂੰ ਚਿਹਰੇ ਉੱਤੇ ਲਾ ਸਕਦੇ ਹੋ। ਤੁਸੀਂ ਸੰਤਰੇ ਦਾ ਗੁੱਦਾ ਵੀ ਚਿਹਰੇ ਉੱਤੇ ਮਲ ਸਕਦੇ ਹੋ। ਟੈਨਿੰਗ ਦੇ ਅਸਰ ਨੂੰ ਘੱਟ ਕਰਨ ਲਈ ਅਜਿਹਾ ਨਿਯਮਿਤ ਰੂਪ ਨਾਲ ਕਰੋ। ਸੰਤਰੇ ਨਾਲ ਤਿਆਰ ਕੀਤੇ ਬਿਊਟੀ ਪ੍ਰੋਡਕਸ ਦਾ ਇਸਤੇਮਾਲ ਕਰੋ। ਸੰਤਰੇ ਦੇ ਛਿਲਕੇ ਵਿੱਚ ਵਿਟਾਮਿਨ ਸੀ ਅਤੇ ਐਂਟੀ ਆਕਸੀਡੈਂਟ ਮੌਜੂਦ ਹੁੰਦਾ ਹੈ। ਇਹ ਕੁਦਰਤੀ ਕਲੀਂਜਰ ਦਾ ਕੰਮ ਕਰਦਾ ਹੈ, ਜਦ ਕਿ ਸ਼ਹਿਦ ਸਕਿਨ ਵਿੱਚ ਨਿਖਾਰ ਲਿਆਉਂਦਾ ਹੈ।




## ਦਾਗ਼ੀ ਪੁਲਸ ਅਫ਼ਸਰਾਂ ਬਾਰੇ ਨੀਤੀ ਲਈ ਸਰਕਾਰ ਨੇ ਸਮਾਂ ਮੰਗਿਆ

ਚੰਡੀਗੜ੍ਹ, 21 ਅਪ੍ਰੈਲ (ਪੋਸਟ ਬਿਊਰੋ)- ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਚੁੱਕੇ ਜਾਂ ਸਜਾ ਭੁਗਤ ਚੁੱਕੇ ਪੁਲਸ ਅਫਸਰਾਂ ਬਾਰੇ ਨੀਤੀ ਬਣਾਉਣ ਲਈ ਹਾਈ ਕੋਰਟ ਦੀ ਸਖ਼ਤੀ ਉੱਤੇ ਕੇਂਦਰ ਸਰਕਾਰ ਨੇ ਜਵਾਬ ਲਈ ਸਮਾਂ ਮੰਗਿਆ ਹੈ। ਹਾਈ ਕੋਰਟ ਨੇ ਇੱਕ ਹੋਰ ਮੌਕਾ ਦਿੰਦਿਆਂ ਸੁਣਵਾਈ 19 ਮਈ ਲਈ ਮੁਲਤਵੀ ਕਰ ਦਿੱਤੀ ਹੈ।

ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਨੇ ਪੰਜਾਬ ਸਰਕਾਰ ਨੂੰ ਆਪਣਾ ਜਵਾਬ ਦੇਣ ਦਾ ਇੱਕ ਆਖ਼ਰੀ ਮੌਕਾ ਦਿੱਤਾ ਹੈ। ਪਿਛਲੀ ਸੁਣਵਾਈ ਉੱਤੇ ਪੰਜਾਬ ਸਰਕਾਰ ਨੇ ਕੋਰਟ ਨੂੰ ਦੱਸਿਆ ਸੀ ਕਿ ਪਿਛਲੇ ਸਾਲ ਮਾਰਚ ਵਿੱਚ ਹਾਈ ਕੋਰਟ ਦੇ ਹੁਕਮਾਂ ਪਿੱਛੋਂ ਸਰਕਾਰ ਵੱਲੋਂ ਬਣਾਈ ਕਮੇਟੀ ਨੇ ਅਪਰਾਧਕ ਕੇਸਾਂ ਵਿੱਚ ਸ਼ਾਮਲ ਅਫਸਰਾਂ ਉੱਤੇ ਕਾਰਵਾਈ ਕੀਤੀ ਹੈ। ਨਵੀਂ ਨਿਯੁਕਤੀ ਵਿੱਚ ਅਜਿਹੇ ਦਾਗੀ ਅਫ਼ਸਰਾਂ ਨੂੰ ਕਿਵੇਂ ਦੇਖਿਆ ਜਾਵੇ, ਇਸ ਦੀ ਰਿਪੋਰਟ ਅਥਾਰਟੀ ਨੂੰ ਸੌਂਪੀ ਗਈ ਸੀ ਤੇ ਪਰਸੋਨਲ ਵਿਭਾਗ ਨੇ ਇਸ ਬਾਰੇ ਪਿਛਲੇ ਸਾਲ 22 ਜੁਲਾਈ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ। ਪੰਜਾਬ ਸਰਕਾਰ ਨੇ ਕਿਹਾ ਸੀ ਕਿ ਜਦੋਂ ਤਕ ਸਰਕਾਰ ਇਸ ਉੱਤੇ ਕੋਈ ਫ਼ੈਸਲਾ ਲੈਂਦੀ, ਉਦੋਂ ਤਕ ਸੂਬੇ ਵਿੱਚ ਚੋਣਾਂ ਦਾ ਐਲਾਨ ਹੋ ਗਿਆ ਅਤੇ ਚੋਣਾਂ ਤੋਂ ਬਾਅਦ ਹੀ ਇਸ ਉੱਤੇ ਕਾਰਵਾਈ ਕੀਤੀ ਜਾ ਸਕਦੀ ਹੈ। ਸਰਕਾਰ ਨੇ ਹਾਈ ਕੋਰਟ ਨੂੰ ਇਹ ਵੀ ਦੱਸਿਆ ਸੀ ਕਿ ਪੀ ਪੀ ਐਸ ਅਫਸਰਾਂ ਨੂੰ ਆਈ ਪੀ ਐਸ ਕਾਡਰ ਦੇ ਅਹੁਦੇ ਉੱਤੇ ਨਿਯੁਕਤੀ ਦੇ ਸਵਾਲ ਬਾਰੇ ਚੋਣ ਦਾ ਐਲਾਨ ਹੋਣ ਤਕ ਅਗਲੀ ਕਾਰਵਾਈ ਕੀਤੀ ਜਾਣੀ ਸੀ।

# ਪੰਜਾਬ ਦੇ ਦੋ ਸਾਬਕਾ ਜੇਲ੍ਹ ਅਫਸਰਾਂ ਖਿਲਾਫ ਕੇਸ ਦਰਜ ਕਰਨ ਲਈ ਮਨਜ਼ੂਰੀ ਮਿਲੀ

ਚੰਡੀਗੜ੍ਹ, 21 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਡੀ ਆਈ ਜੀ ਪੱਧਰ ਦੇ ਦੋ ਸਾਬਕਾ ਅਧਿਕਾਰੀਆਂ ਵਿਰੁੱਧ ਐਨ ਡੀ ਪੀ ਐਸ (ਨਸ਼ੀਲੇ ਪਦਾਰਥਾਂ ਦਾ ਧੰਦਾ ਰੋਕੂ ਕਾਨੂੰਨ)ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਦਾ ਕੇਸ ਦਰਜ ਕਰਨ ਦੀ ਮਨਜ਼ੂਰੀ ਦਿੱਤੀ ਹੈ। ਸਾਬਕਾ ਡੀ ਆਈ ਜੀ (ਜੇਲ੍ਹਾਂ) ਲਖਮਿੰਦਰ ਸਿੰਘ ਜਾਖੜ ਤੇ ਸੁਖਦੇਵ ਸਿੰਘ ਸੱਗੂ ਉੱਤੇ ਦੋਸ਼ ਹੈ ਕਿ ਉਨ੍ਹਾਂ ਫਿਰੋਜ਼ਪੁਰ ਜੇਲ੍ਹ ਵਿੱਚ ਕੈਦੀਆਂ ਤੋਂ ਮਿਲਦੇ ਰਹੇ ਨਸ਼ੀਲੇ ਪਦਾਰਥਾਂ ਦੇ ਕੇਸ ਆਪਣੇ ਪੱਧਰ ਉੱਤੇ ਨਿਬੇੜੇ ਤੇ ਇਸ ਬਾਰੇ ਉਚ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ ਦਿੱਤੀ।

ਇਸ ਬਾਰੇ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਦੀ ਜਾਂਚ ਪਿੱਛੋਂ ਕੇਸ



ਦਰਜ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਾਂਚ ਰਿਪੋਰਟ ਮੁਤਾਬਕ ਕੈਦੀਆਂ ਤੋਂ ਨਸ਼ੀਲੇ ਪਦਾਰਥ ਤੇ ਮੋਬਾਈਲ ਮਿਲਣ ਦੇ 241 ਕੇਸ ਸਨ, ਪਰਲਖਮਿੰਦਰ ਸਿੰਘ ਜਾਖੜ ਜਾਖੜ ਅਤੇ ਸੁਖਦੇਵ ਸਿੰਘ ਸੱਗੂ ਨੇ ਸਿਰਫ ਇੱਕ ਕੇਸ ਬਾਰੇ ਹੀ ਜਾਣਕਾਰੀ ਉਪਰ ਭੇਜੀ। ਇਹ ਕੇਸ ਸੰਨ 2005-2011 ਤਕ ਦੇ ਹਨ, ਜਦ ਉਹ ਫਿਰੋਜ਼ਪੁਰ ਜੇਲ੍ਹ ਵਿੱਚ ਸੁਪਰਡੈਂਟ ਸਨ। ਫਿਰੋਜ਼ਪੁਰ ਸਿਟੀ ਦੇ ਐਸ ਐਚ ਓ ਨੇ ਕਿਹਾ ਕਿ ਸ਼ਿਕਾਇਤਕਰਤਾ ਕਰਮਜੀਤ ਸਿੰਘ ਭੁੱਲਰ ਵੱਲੋਂ ਨਵੀਂ ਸ਼ਿਕਾਇਤ ਮਿਲਣ ਉੱਤੇ ਕੇਸ ਦੀ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਭੁੱਲਰ ਫਿਰੋਜ਼ਪੁਰ ਜੇਲ੍ਹ ਵਿੱਚ ਸਹਾਇਕ ਜੇਲ੍ਹ ਸੁਪਰਡੈਂਟ ਤੈਨਾਤ ਰਿਹਾ ਹੈ। ਉਹ ਇਸ ਕੇਸ ਦਾ ਕਈ ਸਾਲਾਂ ਤੋਂ ਪਿੱਛਾ ਕਰ ਰਿਹਾ ਹੈ ਤੇ ਇਸ ਵੇਲੇ ਲੁਧਿਆਣੇ ਦੀ ਜੇਲ੍ਹ ਵਿੱਚ ਸਹਾਇਕ ਸੁਪਰਡੈਂਟ ਹੈ। ਸਾਬਕਾ ਅਧਿਕਾਰੀਆਂ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਉਨ੍ਹਾਂ ਨੇ ਜੇਲ੍ਹ ਸੁਪਰਡੈਂਟ ਨੂੰ ਜੇਲ੍ਹ ਮੈਨੂਅਲ ਮੁਤਾਬਕ ਮਿਲੇ ਅਧਿਕਾਰਾਂ ਤਹਿਤਕੇਸ ਦਰਜ ਕਰਨ ਜਾਂ ਜੇਲ੍ਹ ਵਿੱਚ ਕੋਈ ਸਜ਼ਾ ਲਾਉਣ ਜਾਂ ਚਿਤਾਵਨੀ ਦੇਣ ਦੀ ਸਿਫਾਰਸ਼ ਕੀਤੀ ਸੀ। ਲਖਮਿੰਦਰ ਸਿੰਘ ਜਾਖੜ ਨੇ ਕਿਹਾ ਕਿ ਬੰਦੀਆਂ ਤੋਂ ਫੜੇ ਗਏ ਪਦਾਰਥਾਂ ਦੀ ਮਿਕਦਾਰ ਇੰਨੀ ਵੱਡੀ ਨਹੀਂ ਸੀ ਕਿ ਉਨ੍ਹਾਂ ਖਿਲਾਫ ਕੇਸ ਦਰਜ ਕੀਤੇ ਜਾਂਦੇ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਨੇ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ ਅਤੇ ਕਾਰਵਾਈ ਪੱਖਪਾਤੀ ਤੇ ਇੱਕਪਾਸੜ ਸੀ। ਜਾਂਚ ਅਧਿਕਾਰੀ ਨੇ ਸਾਨੂੰ ਸਿਰਫ ਇੱਕ ਵਾਰ 22 ਫਰਵਰੀ ਨੂੰ ਸੱਦਿਆ ਸੀ। ਜਾਖੜ ਨੇ ਸੱਗੂ ਦਾ ਬਚਾਅ ਕਰਦਿਆਂ ਕਿਹਾ ਕਿ ਨਿਯਮਾਂ ਮੁਤਾਬਕ ਸਰਕਾਰੀ ਅਧਿਕਾਰੀ ਦੀ ਸੇਵਮੁਕਤੀ ਦੇ ਤਿੰਨ ਸਾਲਾਂ ਮਗਰੋਂ ਉਸ ਖਿਲਾਫ ਕਾਰਵਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਫਿਰੋਜ਼ਪੁਰ ਪੁਲਸ ਨੇ ਹਾਲੇ ਤਕ ਸੰਮਨ ਨਹੀਂ ਭੇਜੇ, ਜਦ ਕਿ ਜਾਂਚ ਬਿਊਰੋ ਦੇ ਆਈ ਜੀ ਨੇ ਜਾਂਚ ਰਿਪੋਰਟ ਵਿੱਚ ਕਿਹਾ ਹੈ ਕਿ ਉਕਤ ਅਧਿਕਾਰੀ ਜਾਂਚ ਵਿੱਚ ਸ਼ਾਮਲ ਨਹੀਂ ਹੋਏ।

## ਸਾਬਕਾ ਮੁੱਖ ਮੰਤਰੀ ਚੰਨੀ ਦੇ ਭਾਣਜੇ ਹਨੀ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ 27 ਨੂੰ

ਜਲੰਧਰ, 21 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਾਲੀ ਦੇ ਪੁੱਤਰ ਤੇ ਨਾਜਾਇਜ਼ ਮਾਈਨਿੰਗ ਕੇਸ ਗ੍ਰਿਫ਼ਤਾਰ ਦੋਸ਼ੀ ਭੁਪਿੰਦਰ ਸਿੰਘ ਉਰਫ਼ ਹਨੀਅਤੇ ਉਸ ਦੇ ਸਾਥੀ ਕੁਦਰਤ ਦੀਪ ਸਿੰਘ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ 27 ਅਪ੍ਰੈਲ ਨੂੰ ਹੋਵੇਗੀ।

ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਹਨੀ ਨੂੰ ਕੱਲ੍ਹ ਵੀਡੀਓ ਰਾਹੀਂ ਵਿਸ਼ੇਸ਼ ਜੱਜ ਰੁਪਿੰਦਰਜੀਤ ਚਾਹਲ ਦੀ ਅਦਾਲਤ ਵਿੱਚ ਪੇਸ਼ ਕੀਤਾ। ਵਰਨਣ ਯੋਗ ਹੈ ਕਿ ਈ ਡੀ ਨੇ ਭੁਪਿੰਦਰ ਸਿੰਘ ਉਰਫ਼ ਹਨੀ ਨੂੰ ਨਾਜਾਇਜ਼ ਮਾਈਨਿੰਗ ਦੇ ਕੇਸ ਵਿੱਚ ਚਾਰ ਫਰਵਰੀ ਨੂੰ ਜਲੰਧਰ ਵਿੱਚ ਗ੍ਰਿਫ਼ਤਾਰ ਕੀਤਾ ਸੀ। ਉਸ ਦੀ ਜ਼ਮਾਨਤ ਅਰਜ਼ੀ ਉਤੇ



ਪਹਿਲਾਂ 16 ਅਪ੍ਰੈਲ ਨੂੰ ਸੁਣਵਾਈ ਹੋਈ ਸੀ। ਈ ਡੀ ਨੇ ਅਦਾਲਤ ਨੂੰ ਦੱਸਿਆ ਕਿ ਅਜੇ ਉਨ੍ਹਾਂ ਨੇ ਹਨੀ ਦੀ ਜ਼ਮਾਨਤ ਦੀ ਅਰਜ਼ੀ ਦਾ ਜਵਾਬ ਤਿਆਰ ਕਰਨਾ ਹੈ। ਦੂਜੇ ਪਾਸੇ ਨਾਜਾਇਜ਼ ਮਾਈਨਿੰਗ ਵਾਲੇ ਕੇਸ ਦੀ ਅਗਲੀ ਸੁਣਵਾਈ 9 ਮਈ ਨੂੰ ਹੋਵੇਗੀ। ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਚੰਨੀ ਤੋਂ ਵੀ ਨਾਜਾਇਜ਼ ਮਾਈਨਿੰਗ ਤੇ ਬਦਲੀਆਂ ਦੇ ਮਾਮਲੇ ਵਿੱਚ ਈ ਡੀ ਨੇ 13 ਅਪ੍ਰੈਲ ਨੂੰ ਜਲੰਧਰ ਦਫ਼ਤਰ ਵਿੱਚ ਪੰਜ ਘੰਟੇ ਤੋਂ ਜ਼ਿਆਦਾ ਸਮੇਂ ਤਕ ਪੁੱਛਗਿੱਛ ਕੀਤੀ ਸੀ।

# ਸ੍ਰੀ ਸਾਹਿਬ ਨਾਲ ਹਮਲਾ ਕਰਕੇ ਬੰਦੇ ਨੂੰ ਜ਼ਖ਼ਮੀ ਕਰਨ ਵਾਲਾ ਗ੍ਰੰਥੀ ਗ੍ਰਿਫਤਾਰ

ਗੁਰੂਹਰਸਹਾਏ, 21 ਅਪ੍ਰੈਲ (ਪੋਸਟ ਬਿਊਰੋ)- ਥਾਣਾ ਲੱਖੋਕੇ ਬਹਿਰਾਮ ਦੇ ਪਿੰਡ ਹਾਮਦ ਵਿਖੇ ਇੱਕ ਗ੍ਰੰਥੀ ਸਿੰਘ ਵੱਲੋਂ ਸ੍ਰੀ ਸਾਹਿਬ ਨਾਲ ਵਿਅਕਤੀ ਉੱਤੇ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦੇਣ ਦੀ ਖ਼ਬਰ ਮਿਲੀ ਹੈ।ਪੁਲਸ ਨੇ ਗ੍ਰੰਥੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪੂਰਨ ਸਿੰਘ ਪੁੱਤਰ ਮੋੜਾ ਸਿੰਘ ਪਿੰਡ ਹਾਮਦ ਨੇ ਦੱਸਿਆ ਕਿ ਉਹ ਕਰਿਆਨੇ ਦੀ ਕਰਦਾ ਹੈ। ਕੱਲ੍ਹ ਜਦ ਦੁਕਾਨ ਖੋਲ੍ਹ ਕੇ ਸਫਾਈ ਕਰ ਰਿਹਾ ਸੀ ਤਾਂ ਪਿੰਡ ਦੇ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਬਲਿਹਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਆਇਆ ਅਤੇ ਉਸ ਨੂੰ ਗਾਲੀ-ਗਲੋਚ ਕਰਨ ਲੱਗਾ ਅਤੇ ਕਿਹਾ ਕਿ ਤੂੰ ਪਿੰਡ ਦੀ ਕਮੇਟੀ ਨੂੰ ਮੇਰੇ ਬਾਰੇ ਮਾੜਾ ਕਿਹਾ ਹੈ। ਪੂਰਨ ਸਿੰਘ ਨੇ ਦੱਸਿਆ ਕਿ ਗ੍ਰੰਥੀ ਬਲਿਹਾਰ ਸਿੰਘ ਨੇ ਆਪਣੇ ਗੱਲ ਵਿੱਚ ਪਾਈ ਸ੍ਰੀ ਸਾਹਿਬ ਨਾਲ ਉਸ ਉੱਤੇ ਹਮਲਾ ਕਰ ਦਿੱਤਾ। ਉਹ ਜ਼ਮੀਨ ਉੱਤੇ ਡਿੱਗ ਪਿਆ ਤੇ ਬਚਾਅ ਲਈ ਰੌਲਾ ਪਾਉਣ ਲੱਗਾ ਤਾਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ। ਪੂਰਨ ਸਿੰਘ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ।

## ਝੁੱਗੀ ਨੂੰ ਅੱਗ ਨਾਲ ਪੰਜ ਬੱਚਿਆਂ ਸਣੇ ਘਰ ਦੇ ਸੱਤ ਜੀਆਂ ਦੀ ਮੌਤ

ਲੁਧਿਆਣਾ, 21 ਅਪ੍ਰੈਲ (ਪੋਸਟ ਬਿਊਰੋ)- ਤਾਜਪੁਰ ਰੋਡ ਦੇ ਮੁੱਖ ਕੂੜਾ ਘਰ ਨੇੜੇ ਕੱਲ੍ਹ ਦੇਰ ਰਾਤ ਇੱਕ ਝੁੱਗੀ ਨੂੰ ਅੱਗ ਲੱਗਣ ਕਾਰਨ ਅੰਦਰ ਸੁੱਤੇ ਪੰਜ ਨਾਬਾਲਗ ਬੱਚਿਆਂ ਸਣੇ ਪਰਵਾਰ ਦੇ ਸੱਤ ਜੀਆਂ ਦੀ ਮੌਤ ਹੋ ਗਈ ਹੈ। ਮਰਨ ਵਾਲਿਆਂ ਵਿੱਚ ਕਬਾੜ ਦਾ ਕਾਰੋਬਾਰ ਕਰਦੇ ਸੁਰੇਸ਼ ਸਾਹਨੀ, ਉਸ ਦੀ ਪਤਨੀ ਰੈਣਾ ਦੇਵੀ, ਦੋ ਸਾਲਾ ਲੜਕਾ ਸੰਨੀ ਤੇ ਚਾਰ ਧੀਆਂ ਰਾਖੀ, ਗੀਤਾ, ਮਨੀਸ਼ਾ, ਚੰਦਾ ਸ਼ਾਮਲ ਹਨ। ਪਰਵਾਰ ਵਿੱਚੋਂ ਸਿਰਫ਼ ਇੱਕ ਲੜਕਾ ਰਜੇਸ਼ ਸਾਹਨੀ, ਜੋ ਨੇੜੇ ਰਹਿੰਦੇ ਦੋਸਤ ਦੇ ਘਰ ਸੁੱਤਾ ਹੋਇਆ ਸੀ, ਜਿੰਦਾ ਬਚਿਆ ਹੈ।

ਰਜੇਸ਼ ਸਾਹਨੀ ਨੇ ਦੱਸਿਆ ਕਿ ਝੁੱਗੀ ਨੂੰ ਅੱਗ ਲੱਗਣ ਦਾ ਪਤਾ ਉਸ ਵੇਲੇ ਚੱਲਿਆ ਜਦ ਉਸ ਦੇ ਦੋਸਤ ਅਜੀਤ ਦਾ ਭਰਾ ਰਾਤ ਬਾਥਰੂਮ ਕਰਨ ਲਈ ਉਠਿਆ। ਉਸ ਵੱਲੋਂ ਰੌਲਾ ਪਾਉਣ ਉੱਤੇ ਆਸ-ਪਾਸ ਦੀਆਂ ਝੁੱਗੀਆਂ ਵਾਲੇ ਲੋਕ ਇਕੱਠੇ ਹੋ ਗਏ, ਜਿਨ੍ਹਾਂ ਨੇ ਫਾਇਰ ਬ੍ਰਿਗੇਡ ਤੇ ਪੁਲਸ ਚੌਕੀ ਨੂੰ ਸੂਚਨਾ ਦਿੱਤੀ। ਜਦੋਂ ਤਕ ਫਾਇਰ ਬ੍ਰਿਗੇਡ ਨੇ ਅੱਗ ਉੱਤੇ ਕਾਬੂ ਪਾਇਆ, ਤਦ ਤਕ ਸਭ ਕੁਝ ਸਭ ਚੁੱਕਾ ਸੀ ਤੇ ਸੱਤ ਮੌਤਾਂ ਹੋ ਚੁੱਕੀਆਂ ਸਨ। ਫਾਇਰ ਬ੍ਰਿਗੇਡ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਝੁੱਗੀ ਨੂੰ ਅੱਗ ਲੱਗਣ ਦੀ ਸੂਚਨਾ ਕਰੀਬ 2.30 ਵਜੇ ਮਿਲੀ ਤੇ ਇੱਕ ਗੱਡੀ ਮੌਕੇ ਉੱਤੇ ਭੇਜੀ ਗਈ, ਪਰ ਤਦ ਤਕ ਝੁੱਗੀ ਅੰਦਰ ਮੌਜੂਦ ਲੋਕਾਂ ਦੀ ਮੌਤ ਹੋ ਚੁੱਕੀ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਝੁੱਗੀ ਅੰਦਰ ਟੀ ਵੀ, ਦੋ ਪੱਖੇ ਸਨ, ਜਿਨ੍ਹਾਂ ਨੂੰ ਚਲਾਉਣ ਲਈ ਬਿਜਲੀ ਦੀ ਤਾਰ ਤੋਂ ਕੁੰਡੀ ਪਾਈ ਸੀ।ਪਰਵਾਰ ਨੇ ਝੁੱਗੀ ਦੇ ਅੰਦਰ ਖਾਣਾ ਤਿਆਰ ਕੀਤਾ ਸੀ, ਚੁੱਲੇ ਵਿੱਚ ਅੱਗ ਸੁਲਗਦੀ ਹੋ ਸਕਦੀ ਹੈ। ਝੁੱਗੀ ਨੇੜੇ ਮੁੱਖ ਕੂੜਾਘਰ, ਜਿੱਥੇ ਪਿਛਲੇ ਛੇ ਦਿਨ ਤੋਂ ਅੱਗ ਲੱਗੀ ਹੋਈ ਹੈ ਅਤੇ ਓਥੋਂ ਆਈ ਚੰਗਿਆੜੀ ਨਾਲ ਵੀ ਅੱਗ ਲੱਗੀ ਹੋ ਸਕਦੀ ਹੈ। ਮ੍ਰਿਤਕ ਪਰਵਾਰ ਦੇ ਲੜਕੇ ਰਜੇਸ਼ ਨੇ ਪੁਲਸ ਕੋਲ ਦਿੱਤੇ ਬਿਆਨ ਵਿੱਚ ਘਟਨਾ ਪਿੱਛੇ ਕਿਸੇ ਸਾਜਿਸ਼ ਤੋਂ ਇਨਕਾਰ ਕੀਤਾ ਹੈ। ਰਜੇਸ਼ ਸਾਹਨੀ ਦੇ ਰਿਸ਼ਤੇਦਾਰ ਰਾਮ ਬਾਬੂ ਨੇ ਦੋਸ਼ ਲਗਾਇਆ ਕਿ ਕਿਸੇ ਸਾਜਿਸ਼ ਤਹਿਤ ਪਰਵਾਰ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਰਜੇਸ਼ ਸਾਹਨੀ ਦੀ ਲੜਕੀ ਦਾ ਆਉਂਦੇ ਕੁਝ ਦਿਨਾਂ ਵਿੱਚ ਵਿਆਹ ਹੋਣਾ ਸੀ।

## ਕਰਜ਼ਾ ਮੁਆਫੀ, ਸਰਕਾਰੀ ਭਰੋਸਿਆਂ ਦੀ ਝਾਕ ਵਿੱਚ ਕਿਸਾਨ ਡਿਫਾਲਟਰ ਹੋ ਗਏ



ਮਾਛੀਵਾੜਾ, 21 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਸਮੇਂ ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਅਮਲ ਨਾ ਹੋਣ ਕਾਰਨ ਅੱਜ ਵੱਡੀ ਗਿਣਤੀ ਵਿੱਚ ਕਿਸਾਨ ਬੈਂਕਾਂ ਅਤੇ ਕੋਆਪਰੇਟਿਵ ਸੋਸਾਈਟੀਆਂ ਦੇ ਡਿਫਾਲਟਰ ਹੋ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਕੈਪਟਨ ਸਰਕਾਰ ਨੇ ਸਾਰੇ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਖੇਤੀਬਾੜੀ ਕੋਆ-ਪਰੇਟਿਵ ਸੋਸਾਈਟੀਜ਼ ਵਿੱਚ ਪੰਜ ਏਕੜ ਤਕ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਕਰਜ਼ਾ ਅਤੇ ਨੈਸ਼ਨਲ ਬੈਂਕਾਂ ਵਿੱਚ ਛੋਟੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਕਰਜ਼ਾ ਮੁਆਫ ਕੀਤਾ ਗਿਆ ਸੀ। ਸਭ ਤੋਂ ਮਾੜੀ ਹਾਲਤ ਇਸ ਸਮੇਂ ਪੰਜਾਬ ਦੇ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕਾਂ ਦੀ ਹੈ। ਮਾਛੀਵਾੜਾ ਖੇਤੀਬਾੜੀ ਵਿਕਾਸ ਬੈਂਕ ਵਿੱਚੋਂ ਕਰਜ਼ਾ ਲੈਣ ਵਾਲੇ 360 ਕਿਸਾਨਾਂ ਵਿੱਚੋਂ 240 ਡਿਫਾਲਟਰ ਹਨ।ਇਸ ਬੈਂਕ ਤੋਂ ਕਰਜ਼ਾ ਲੈਣ ਵਾਲੇ ਕਿਸਾਨ ਮਲਕੀਤ ਸਿੰਘ ਨੇ ਦੱਸਿਆ ਕਿ ਉਸ ਨੇ 10 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਐਲਾਨ ਕੀਤਾ ਸੀ ਕਿ ਸਾਰੇ ਬੈਂਕਾਂ ਦਾ ਕਰਜ਼ਾ ਮੁਆਫ ਹੋ ਜਾਵੇਗਾ, ਜਿਸ ਤੋਂ ਬਾਅਦ ਉਸ ਨੇ ਕਿਸ਼ਤ ਭਰਨੀ ਬੰਦ ਕਰ ਦਿੱਤੀ ਤੇ ਫਿਰ ਉਹ ਬੈਂਕ ਦਾ ਡਿਫਾਲਟਰ ਹੋ ਗਿਆ ਹੈ। ਖੇਤੀਬਾੜੀ ਵਿਕਾਸ ਬੈਂਕ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਜਦੋਂ ਵੀ ਕਿਸਾਨਾਂ ਕੋਲ ਕਰਜ਼ਾ ਵਸੂਲੀ ਲਈ ਜਾਂਦੇ ਸਨ ਤਾਂ ਉਹ ਇਹੀ ਜਵਾਬ ਦਿੰਦੇ ਸਨ ਕਿ ਉਨ੍ਹਾਂ ਦਾ ਕਰਜ਼ਾ ਸਰਕਾਰ ਨੇ ਮੁਆਫ ਕਰ ਦੇਣਾ ਹੈ, ਜਿਸ ਲਈ ਉਹ ਅਦਾਇਗੀ ਨਹੀਂ ਕਰਨਗੇ। ਇਸ ਕਾਰਨ ਖੇਤੀਬਾੜੀ ਵਿਕਾਸ ਬੈਂਕ ਅੱਗੇ ਤੋਂ ਵੱਖ-ਵੱਖ ਯੋਜਨਾਵਾਂ ਤਹਿਤ ਨਵੇਂ ਕਿਸਾਨਾਂ ਨੂੰ ਕਰਜ਼ਾ ਵੀ ਨਹੀਂ ਦੇ ਰਿਹਾ।

## ਹਾਈਵੇ ਵਾਸਤੇ ਜ਼ਮੀਨ ਦਾ ਕਬਜ਼ਾ ਲੈਣ ਲਈ ਆਏ ਅਫਸਰ ਕਿਸਾਨਾਂ ਨੇ ਬੇਰੰਗ ਮੋੜੇ

ਭੁਲੱਥ, 21 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਇਸ ਹਲਕੇ ਵਿੱਚੋਂ ਕੱਢੇ ਜਾ ਰਹੇ ਜੰਮੂ-ਕੱਟੜਾ-ਦਿੱਲੀ ਹਾਈਵੇਅ ਵਾਸਤੇ ਹਲਕਾ ਭੁਲੱਥ ਦੇ 18 ਪਿੰਡਾਂ ਦੀ ਐਕੁਆਇਰ ਹੋ ਰਹੀ ਜ਼ਮੀਨ ਦੇ ਕਿਸਾਨਾਂ ਨੂੰ ਯੋਗ ਮੁਆਵਜ਼ਾ ਤੇ ਹੋਰ ਖਰਚੇ ਦਿੱਤੇ ਬਗੈਰ ਉਸ ਦਾ ਕਬਜ਼ਾ ਲੈਣ ਆਏ ਨੈਸ਼ਨਲ ਹਾਈਵੇਅ ਅਥਾਰਟੀ ਦੇ ਅਧਿਕਾਰੀਆਂ ਨੂੰ ਕੱਲ੍ਹ ਪਿੰਡ ਹੁੱਸੇਵਾਲ ਤੇ ਚੱਕ ਸ਼ਾਹ ਅਕਾਲਾ ਦੇ ਕਿਸਾਨਾਂ ਨੇ ਬੇਰੰਗ ਮੋੜ ਦਿੱਤਾ ਹੈ।ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੇ ਹਾਈਵੇਅ ਅਥਾਰਟੀ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੀਆਂ ਜ਼ਮੀਨਾਂ ਲਈ ਯੋਗ ਮੁਆਵਜ਼ਾ ਅਤੇ ਹੋਰ ਮਸਲਿਆਂ ਦੇ ਹੱਲ ਕੀਤੇ ਬਿਨਾਂ ਉਹ ਕਿਸੇ ਵੀ ਕੀਮਤ ਉੱਤੇਜ਼ਮੀਨਾਂ ਦਾ ਕਬਜ਼ਾ ਨਹੀਂ ਦੇਣਗੇ।

ਇਸ ਮੌਕੇ ਸਾਬਕਾ ਸਰਪੰਚ ਕਰਨੈਲ ਸਿੰਘ ਹੁੱਸੇਵਾਲ ਤੇ ਨੰਬਰਦਾਰ ਬਲਵਿੰਦਰ ਸਿੰਘ ਕਾਹਲੋਂ ਨੇ ਦੱਸਿਆ



ਕਿ ਅਥਾਰਟੀ ਨੇ ਪੂਰੇ ਪੰਜਾਬ ਵਿੱਚ ਹਲਕਾ ਭੁਲੱਥ ਦੇ ਕਿਸਾਨਾਂ ਨੂੰ ਸਭ ਤੋਂ ਘੱਟ ਮੁਆਵਜ਼ਾ ਦਿੱਤਾ ਹੈ। ਇਸ ਤੋਂ ਇਲਾਵਾ ਖੇਤਾਂ ਵਿਚਲੇ ਰੁੱਖਾਂ, ਮੋਟਰਾਂ ਦੇ ਕਮਰਿਆਂ, ਟਿਊਬਵੈੱਲਾਂ ਦੇ ਬੋਰਾਂ, ਰਸਤਿਆਂ ਦਾ ਕੋਈ ਖਰਚਾ ਨਹੀਂ ਦਿੱਤਾ ਜਾ ਰਿਹਾ ਤੇ ਤੂੜੀ ਬਣਾਉਣ ਤੋਂ ਰੋਕਿਆ ਜਾ ਰਿਹਾ ਹੈ। ਹਲਕਾ ਭੁਲੱਥ ਵਿੱਚ ਸਾਂਝੀਆਂ ਤਕਸੀਮਾਂ, ਵਿਦੇਸ਼ ਗਏ ਕੱਚੇ ਨੌਜਵਾਨਾਂ ਦੀਆਂ ਜ਼ਮੀਨਾਂ ਦੇ ਕੋਈ ਠੋਸ ਫੈਸਲੇ ਅਜੇ ਅਧੂਰੇ ਤੇ ਤਕਨੀਕੀ ਖਾਮੀਆਂ ਨਾਲ ਭਰਪੂਰ ਹਨ। ਹੈਰਾਨੀ ਦੀ ਗੱਲ ਹੈ ਕਿ ਕਿਸਾਨਾਂ ਦੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਅਜੇ ਤਕ ਕੋਈ ਆਰਬੀਟੇਟਰ ਵੀ ਨਿਯੁਕਤ ਨਹੀਂ ਕੀਤਾ ਗਿਆ।

ਦੂਸਰੇ ਪਾਸੇ ਹਾਈਵੇਅ ਅਥਾਰਟੀ ਦੇ ਅਧਿਕਾਰੀ ਸ਼ਹਿਬਾਜ਼ ਖਾਨ ਨੇ ਦੱਸਿਆ ਕਿ ਕੱਲ੍ਹ ਓਥੇ ਤਹਿਸੀਲਦਾਰ ਭੁਲੱਥ ਨੇ ਆਉਣਾ ਸੀ, ਪਰ ਉਹ ਕਿਸੇ ਕਾਰਨ ਨਹੀਂ ਆਏ। ਕਿਸਾਨਾਂ ਨੂੰ ਤੂੜੀ ਬਣਾਉਣ ਲਈ ਪੰਜ ਦਿਨ ਸਮਾਂ ਦਿੱਤਾ ਗਿਆ। ਛੋਟੇ ਛੋਟੇ ਖਰਚੇ ਜਲਦੀ ਦੇ ਦਿੱਤੇ ਜਾਣਗੇ। ਰਸਤਿਆਂ ਬਾਰੇ ਤੇ ਹੋਰ ਮਸਲੇ ਮਹੀਨੇ ਵਿੱਚ ਹੱਲ ਕਰਵਾ ਦਿੱਤੇ ਜਾਣਗੇ।

ਪਤਨੀ ਦੇ ਮੁੜ ਵਿਆਹ ਦਾ ਮਾਮਲਾ:

## ਮ੍ਰਿਤਕ ਮੁਲਾਜ਼ਮ ਦੇ ਮਾਤਾ-ਪਿਤਾ ਪਰਿਵਾਰਕ ਪੈਨਸ਼ਨ ਦੇ ਹੱਕਦਾਰ

ਚੰਡੀਗੜ੍ਹ, 21 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਮਹੱਤਵਪੂਰਨ ਫੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਮ੍ਰਿਤਕ ਸਰਕਾਰੀ ਮੁਲਾਜ਼ਮਾਂ ਦੇ ਮਾਤਾ-ਪਿਤਾ ਨੂੰ ਸਿਰਫ ਇਸ ਆਧਾਰ ਉੱਤੇ ਪਰਵਾਰਕ ਪੈਨਸ਼ਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮ੍ਰਿਤਕ ਆਪਣੇ ਪਿੱਛੇ ਵਿਧਵਾ ਜਾਂ ਬੱਚੇ ਛੱਡ ਗਿਆ ਹੈ। ਪੰਜਾਬ ਸਰਕਾਰ ਇਸ ਮਾਮਲੇ ਵਿੱਚ ਨਿਯਮਾਂ ਦੀ ਗਲਤ ਵਿਆਖਿਆ ਕਰ ਕੇ ਮਾਂ-ਬਾਪ ਨੂੰ ਪੈਨਸ਼ਨ ਦੇਣ ਤੋਂ ਇਨਕਾਰ ਕਰਦੀ ਹੈ।

ਇਸ ਕੇਸ ਵਿੱਚ ਪੰਜਾਬ ਸਰਕਾਰ ਦੀ ਦਲੀਲ ਸੀ ਕਿ ਜੇ ਇੱਕ ਵਾਰੀ ਮ੍ਰਿਤਕ ਮੁਲਾਜ਼ਮ ਦੀ ਵਿਧਵਾ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਤਾਂ ਫਿਰ ਉਹ ਦੁਬਾਰਾ ਵਿਆਹ ਕਰ ਲਵੇ ਤਾਂ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ, ਪਰ ਫਿਰ ਵੀ ਉਹ ਪੈਨਸ਼ਨ ਉਸ ਦੇ ਮਾਤਾ-ਪਿਤਾ ਨੂੰ ਨਹੀਂ ਦਿੱਤੀ ਜਾ ਸਕਦੀ।ਕੋਰਟ ਨੇ ਕਿਹਾ ਕਿ ਸਰਕਾਰ ਦੀ ਇਹ ਵਿਆਖਿਆ ਉਹ ਮਕਸਦ ਹਾਸਲ ਨਹੀਂ ਕਰਦੀ, ਜਿਸ ਲਈ ਪਰਵਾਰਕ ਪੈਨਸ਼ਨ ਦਿੱਤੀ ਜਾਂਦੀ ਹੈ। ਪਰਵਾਰਕ ਪੈਨਸ਼ਨ ਦਾ ਮਕਸਦ ਮ੍ਰਿਤਕ ਦੇ ਵਾਰਸਾਂ ਨੂੰ ਵਿੱਤੀ ਮੁਸ਼ਕਲਾਂ ਤੋਂ ਬਚਾਉਣਾ ਹੈ। ਇਹ ਸਹੀ ਹੈ ਕਿ ਵਿਧਵਾ ਸ਼ੁਰੂ ਵਿੱਚ ਪਰਵਾਰਕ ਪੈਨਸ਼ਨ ਲਈ ਪਾਤਰ ਹੈ ਤੇ ਬਾਕੀ ਇਸ ਤੋਂ ਬਾਅਦ। ਜੇ ਵਿਧਵਾ ਗੈਰ-ਪਾਤਰ ਹੋ ਜਾਂਦੀ ਹੈ ਤਾਂ ਹੋਰਨਾਂ ਨੂੰ ਛੱਡ ਕੇ ਬੱਚੇ ਪਰਵਾਰਕ ਪੈਨਸ਼ਨ ਦੇ ਹੱਕਦਾਰ ਹੋਣਗੇ। ਜਦੋਂ ਬੱਚੇ ਵੀ ਉਸ ਲਾਭ ਲਈ ਗੈਰ-ਪਾਤਰ ਹੋ ਜਾਣਅਤੇ ਜੇ ਮਾਤਾ-ਪਿਤਾ ਜ਼ਿੰਦਾ ਹਨ ਅਤੇ ਜਿਹੜੇ ਮ੍ਰਿਤਕ ਉੱਤੇ ਨਿਰਭਰ ਸਨ ਤੇ ਪਰਵਾਰਕ ਪੈਨਸ਼ਨ ਲਈ ਜ਼ਰੂਰੀ ਪਾਤਰਤਾ ਮਾਪਦੰਡ ਪੂਰਾ ਕਰਦੇ ਹਨ ਤਾਂ ਉਨ੍ਹਾਂ ਲਈ ਪਰਵਾਰਕ ਪੈਨਸ਼ਨ ਦੇ ਅਧਿਕਾਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਹਾਈ ਕੋਰਟ ਦੇ ਜਸਟਿਸ




ਹਰਸਿਮਰਨ ਸਿੰਘ ਸੇਠੀ ਨੇ ਇਹ ਹੁਕਮ ਜਲੰਧਰ ਦੀ ਸਰਵਣ ਕੌਰ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਦਿੱਤਾ ਹੈ। ਪਟੀਸ਼ਨਰ ਦਾ ਬੇਟਾ ਸਤਨਾਮ ਸਿੰਘ ਪੰਜਾਬ ਪੁਲਸ ਵਿੱਚ ਸੀ। ਉਹ ਵਿਆਹਿਆ ਸੀ। ਚਾਰ ਜੂਨ 2006 ਨੂੰ ਇੱਕ ਕਾਰ ਹਾਦਸੇ ਵਿੱਚ ਸਤਨਾਮ ਸਿੰਘ ਦੀ ਮੌਤ ਹੋ ਗਈ। ਇਸ ਪਿੱਛੋਂ ਸਰਕਾਰ ਨੇ ਨਿਯਮਾਂ ਹੇਠ ਉਸ ਦੀ ਵਿਧਵਾ ਦਾ ਪਰਵਾਰਕ ਪੈਨਸ਼ਨ ਦਾ ਹੱਕਮੰਨਿਆ।ਦੋ ਦਸੰਬਰ 2008 ਨੂੰ ਸਤਨਾਮ ਸਿੰਘ ਦੀ ਵਿਧਵਾ ਨੇ ਦੂਜਾ ਵਿਆਹ ਕੀਤਾ ਅਤੇ ਓਦੋਂ ਤੋਂ ਉਹ ਦੂਜੇ ਪਤੀ ਨਾਲ ਰਹਿ ਰਹੀ ਹੈ। ਸਾਲ 2008 ਦੇ ਬਾਅਦ ਪਟੀਸ਼ਨਰ ਸਵਰਣ ਕੌਰ ਪਰਵਾਰ ਵਿੱਚ ਇਕੱਲੀ ਰਹਿ ਗਈ। ਉਸ ਨੇ ਪਰਵਾਰਕ ਪੈਨਸ਼ਨ ਲਈ ਅਰਜ਼ੀ ਦਿੱਤੀ ਤਾਂ ਸਰਕਾਰ ਨੇ ਦਾਅਵਾ ਰੱਦ ਕਰ ਦਿੱਤਾ। ਇਸ ਪਿੱਛੋਂ ਉਸ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਪਰਵਾਰਕ ਪੈਨਸ਼ਨ ਦਿਵਾਉਣ ਦੀ ਮੰਗ ਕੀਤੀ। ਪਟੀਸ਼ਨ ਦਾ ਵਿਰੋਧ ਕਰਦੇ ਹੋਏ ਸਰਕਾਰ ਨੇ ਕਿਹਾ ਕਿ ਮ੍ਰਿਤਕ ਦੇ ਮਾਤਾ-ਪਿਤਾ ਵੀ ਪਰਵਾਰਕ ਪੈਨਸ਼ਨ ਦੀ ਗਰਾਂਟ ਦੇ ਹੱਕਦਾਰ ਹਨ, ਜੇ ਉਹ ਮ੍ਰਿਤਕ ਉੱਤੇ ਨਿਰਭਰ ਹਨ, ਪਰ ਇਹ ਫਾਇਦਾ ਸਿਰਫ ਉਨ੍ਹਾਂ ਨੂੰ ਹੀ ਦਿੱਤਾ ਜਾ ਸਕਦਾ ਹੈ ਜੇ ਮ੍ਰਿਤਕ ਦੇ ਪਿੱਛੇ ਵਿਧਵਾ ਜਾਂ ਬੱਚੇ ਨਾ ਹੋਣ। ਸਰਕਾਰ ਦੀ ਇਸ ਦਲੀਲ ਨੂੰ ਹਾਈ ਕੋਰਟ ਨੇ ਰੱਦ ਕਰ ਕੇ ਕਿਹਾ ਕਿ ਇਹ ਨਿਯਮਾਂ ਦੀ ਗਲਤ ਵਿਆਖਿਆ ਹੈ। ਕੋਰਟ ਨੇ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਪਟੀਸ਼ਨਰ ਨੂੰ ਦਸੰਬਰ 2008 ਤੋਂ ਬਕਾਇਆ ਰਾਸ਼ੀ ਦੇ ਨਾਲ ਦੋ ਮਹੀਨਿਆਂ ਦੇ ਅੰਦਰ ਸਾਰੇ ਲਾਭ ਜਾਰੀ ਕਰੇ।

## ਠੱਗੀ ਮਾਮਲੇ ਵਿਚ ਭਾਜਪਾ ਆਗੂ ਸਰਬਜੀਤ ਮੱਕੜ ਅਤੇ ਉਸ ਦੀ ਪਤਨੀ ਸਮੇਤ ਪੰਜਾਂ ਨੂੰ ਸੰਮਨ ਜਾਰੀ

ਜਲੰਧਰ, 21 ਅਪ੍ਰੈਲ (ਪੋਸਟ ਬਿਊਰੋ)- ਐਨ ਆਰ ਆਈ ਭਰਾਵਾਂ ਵੱਲੋਂ ਭਾਜਪਾ ਆਗੂ ਸਰਬਜੀਤ ਸਿੰਘ ਵਿਰੁੱਧਠੱਗੀ ਦਾ ਕੇਸ ਅਦਾਲਤ ਵਿਚਕਰਨ ਤੋਂ ਬਾਅਦ ਕਈ ਸਾਲ ਤਕ ਲਟਕੇ ਕੇਸ ਵਿੱਚ ਸਰਬਜੀਤ ਸਿੰਘ ਮੱਕੜ ਉਸ ਦੀ ਪਤਨੀ ਸਮੇਤ ਪੰਜ ਜਣਿਆਂ ਨੂੰ ਅਦਾਲਤ ਨੇ ਛੇ ਮਈ ਨੂੰ ਤਲਬ ਕਰ ਲਿਆ ਹੈ।

ਡਾਕਟਰ ਪੀ ਐਸ ਕੰਗ ਵਾਸੀ ਪ੍ਰੀਤ ਨਗਰ ਲਾਡੋਵਾਲੀ ਨੇ ਦੱਸਿਆ ਕਿ ਪਿੰਡ ਰਾਏ-ਪੁਰ ਰਸੂਲਪੁਰ ਵਿੱਚਉਨ੍ਹਾਂ ਦੇ ਕੁੜਮਾਂ ਦੀ ਜ਼ਮੀਨ ਉੱਤੇ ਕਿਸੇ ਨੇ ਕਬਜ਼ਾ ਕੀਤਾ ਹੋਇਆ ਸੀ। ਉਹ ਕਬਜ਼ਾ ਛੁਡਾਉਣ ਲਈ ਆਪਣੇ ਕੁੜਮਾਂ ਨੂੰ ਨਾਲ ਲੈ ਕੇ 2008-09 ਨੂੰ ਸਰਬਜੀਤ ਸਿੰਘ ਮੱਕੜ ਨੂੰ ਮਿਲਿਆ। ਜ਼ਮੀਨ ਕਾਫੀ ਕੀਮਤੀ ਹੋਣ ਕਾਰਨ ਮੱਕੜ ਦੀ ਨੀਤ ਬਦਲ ਗਈ ਅਤੇ ਉਸ ਨੇ ਉਸ ਦੇ ਕੁੜਮਾਂ ਨੂੰ ਭਰੋਸੇ ਵਿੱਚ ਲੈ ਕੇ ਜ਼ਮੀਨ ਦੀ ਪਾਵਰ ਆਫ ਅਟਾਰਨੀ ਆਪਣੇ ਪੀ ਏ ਪਵਿੰਦਰ ਸਿੰਘ ਦੇ ਨਾਂਅ ਉੱਤੇ ਕਰਵਾ ਲਈ। ਕੁਝ ਖਾਲੀ



ਅਸ਼ਟਾਮਾਂ ਉੱਤੇ ਵੀ ਦਸਖਤ ਕਰਵਾ ਲਏ ਅਤੇ ਫਿਰ ਜ਼ਮੀਨ ਆਪਣੇ ਸਹੁਰੇ ਪ੍ਰਿਤਪਾਲ ਸਿੰਘ ਦੇ ਨਾਂਅ ਉੱਤੇ ਕਰਵਾ ਲਈ ਅਤੇ ਬਾਅਦ ਵਿੱਚ ਉਹ ਜ਼ਮੀਨ ਆਪਣੀ ਪਤਨੀ ਉਪਿੰਦਰਜੀਤ ਕੌਰ ਦੇ ਨਾਂਅ ਉੱਤੇ ਕਰਵਾ ਲਈ। ਇਹ ਕੁਝ ਕਰਨ ਲਈ ਇੱਕ ਅਸ਼ਟਾਮ ਫਰੋਸ਼ ਪਰਮਿੰਦਰ ਸਿੰਘ ਨੇ ਸਰਕਾਰੀ ਰਜਿਸਟਰ ਵਿੱਚ ਛੇੜਛਾੜ ਵੀ ਕੀਤੀ ਸੀ। ਉਨ੍ਹਾਂ ਇਸ ਦੀ ਸ਼ਿਕਾਇਤ ਪੁਲਸ ਦੇ ਉਚ ਅਧਿਕਾਰੀਆਂ ਨੂੰ ਦਿੱਤੀ, ਪਰ ਮੱਕੜ ਦੀ ਪਹੁੰਚ ਉਚੀ ਹੋਣ ਕਾਰਨ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਪੁਲਸ ਨੇ ਪੀ ਏ ਪਵਿੰ-ਦਰ ਸਿੰਘ ਖਿਲਾਫ ਕੇਸ ਦਰਜ ਕੀਤਾ ਸੀ ਤੇ ਹੋਰ ਕਿਸੇ ਦਾ ਇਸ ਵਿੱਚ ਨਾਂਅ ਨਹੀਂ ਆਇਆ ਅਤੇਪੁਲਸ ਨੇ ਅਦਾਲਤ ਵਿੱਚ ਪੇਸ਼ ਕਰ ਦਿੱਤਾ।

## ਨਾਬਾਲਗ ਲੜਕੀ ਦਾ ਵਿਆਹ ਕਰਵਾਉਣ ਵਾਲਾ ਮੰਦਰ ਦਾ ਅਧਿਕਾਰੀ ਗ੍ਰਿਫ਼ਤਾਰ

ਮਕਸੂਦਾਂ, 21 ਅਪ੍ਰੈਲ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਤੋਂ ਭੱਜੀ ਨਾਬਾਲਗ ਲੜਕੀ ਦਾ ਵਿਆਹ ਗੁਰੂ ਅਮਰਦਾਸ ਨਗਰ, ਕਾਲੀਆ ਕਾਲੋਨੀ ਜਲੰਧਰ ਵਿੱਚ 'ਸ੍ਰੀ ਗੌਰੀ ਸ਼ੰਕਰ ਮੰਦਰ' ਵਿਖੇ ਹੋਇਆ ਅਤੇ ਫਿਰ ਹਿਮਾਚਲ ਪ੍ਰਦੇਸ਼ ਦੀ ਪੁਲਸ ਇਸ ਬਾਰੇ ਕਾਰਵਾਈ ਕਰਦੀ ਹੋਈ ਜਲੰਧਰ ਤੱਕ ਆਣ ਪਹੁੰਚੀ।

ਇਸ ਕੇਸ ਬਾਰੇ ਹਿਮਾਚਲ ਪੁਲਸ ਦੀ ਜਾਂਚ ਵਿੱਚ ਖੁਲਾਸੇ ਮਗਰੋਂ ਨਾਬਾਲਗ ਲੜਕੀ ਨੂੰ ਭਜਾ ਕੇ ਲਿਆਉਣ ਵਾਲੇ ਦੋਸ਼ੀ ਨੌਜਵਾਨ ਦੀ ਗ੍ਰਿਫ਼ਤਾਰੀ ਪਿੱਛੋਂ ਮੰਦਰ ਵਿੱਚ ਵਿਆਹ ਕਰਵਾਉਣ ਵਾਲੇ ਜਤਿੰਦਰ ਮਹਾਜਨ ਨੂੰ ਵੀ ਪੁਲਸ ਨੇ ਕੱਲ੍ਹ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਲ੍ਹਾ ਕਾਂਗੜਾ ਦੇ ਥਾਣਾ ਬੜੌਹ ਦੇ ਪਿੰਡ ਵਾਸੀ ਦੇ ਭਗਵਾਨ ਦਾਸ ਨੇ ਮਾਰਚ ਮਹੀਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਨਾਬਾਲਗ ਲੜਕੀ ਲਾਪਤਾ ਹੈ। ਇਸ ਦੀ ਜਾਂਚ ਤੋਂ ਤੱਥ ਸਾਹ-ਮਣੇ ਆਏ ਕਿ ਲੜਕੀ ਨਾਬਾਲਗ ਸੀ ਤੇ ਦੋਸ਼ੀ ਸਚਿਨ ਉਸ ਨੂੰ ਵਰਗਲਾ ਕੇ ਜਲੰਧਰ ਦੀ ਕਾਲੀਆ ਕਾਲੋਨੀ ਵਿੱਚ ਸ੍ਰੀ ਗੌਰੀਸ਼ੰਕਰ ਮੰਦਰ ਵਿੱਚ ਲੈ ਆਇਆ ਅਤੇ ਪਤਾ ਲੱਗਾ ਕਿ ਨਾਬਾਲਗ ਲੜਕੀ ਦਾ ਵਿਆਹ ਮੰਦਰ ਕਮੇਟੀ ਨੇ ਕੀਤਾ ਸੀ ਤੇ ਉਸ ਨੂੰ ਨਕਲੀ ਰਸੀਦ ਵੀ ਦਿੱਤੀ ਸੀ। ਕਮੇਟੀ ਦੇ ਹੋਰਨਾਂ ਮੈਂਬਰਾਂ ਦੀ ਭੂਮਿਕਾ ਬਾਰੇ ਵੀ ਜਾਂਚ ਚੱਲ ਰਹੀ ਹੈ।

ਦੂਜੇ ਪਾਸੇ ਪਰਮੇਸ਼ਵਰ ਸਿੱਧਪੀਠ 'ਸ੍ਰੀ ਗੌਰੀਸ਼ੰਕਰ ਮੰਦਰ' ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਤੇ ਹੋਰ ਮੈਂਬਰਾਂ ਨੇ ਇਸ ਦੀ ਸ਼ਿਕਾਇਤ ਥਾਣਾ ਨੰਬਰ 1 ਜਲੰਧਰ ਵਿਖੇ ਦਿੱਤੀ ਹੈ। ਉਨ੍ਹਾਂ ਦਸਿਆ ਕਿ ਪਿਛਲੇ ਦਿਨੀਂ ਕੁਝ ਲੋਕਾਂ ਵੱਲੋਂ ਧੱਕੇ ਨਾਲ ਨਵੀਂ ਕਮੇਟੀ ਬਣਾਈ ਗਈ ਸੀ। ਉਕਤ ਵਿਅਕਤੀਆਂ ਨੇ ਮੰਦਰ ਵਿੱਚ ਨਾਬਾਲਗ ਲੜਕੀ ਦਾ ਵਿਆਹ ਕਰਵਾ ਕੇ ਪਾਪ ਕੀਤਾ ਹੈ, ਜਿਸ ਕਾਰਨ ਮੰਦਰ ਦੀ ਮਰਿਆਦਾ ਅਤੇ ਕਮੇਟੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਕਤ ਵਿਅਕਤੀਆਂ ਵੱਲੋਂ ਫੰਡਾਂ ਦੀ ਵੀ ਦੁਰਵਰਤੋਂ ਕੀਤੀ ਗਈ ਹੈ।

ਗੁਰੂ ਘਰ ਵਿੱਚ ਮੂਰਤੀਆਂ ਦਾ ਮਾਮਲਾ

## ਗੁਰਦੁਆਰਾ ਪ੍ਰਬੰਧਕਾਂ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਸਮਝੌਤਾ

ਜ਼ੀਰਾ, 21 ਅਪ੍ਰੈਲ (ਪੋਸਟ ਬਿਊਰੋ)- ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲਾ ਵਿਖੇ ਲਾਏ ਗਏ ਮਹਾਂਪੁਰਸ਼ਾਂ ਦੇ ਬੁੱਤ ਅਤੇ ਮੂਰਤੀਆਂ ਉਥੋਂ ਹਟਾ ਕੇ ਪੰਦਰਾਂ ਦਿਨਾਂ ਵਿੱਚ ਸਿੱਖ ਮਰਿਆਦਾ ਬਹਾਲ ਕਰ ਦਿੱਤੀ ਜਾਵੇਗੀ।ਇਸ ਬਾਰੇ ਕੱਲ੍ਹ ਦੇਰ ਰਾਤ ਐਸ ਡੀ ਐਮ ਜ਼ੀਰਾ ਅਤੇ ਡੀ ਐਸ ਪੀ ਜ਼ੀਰਾ ਦੀ ਪਹਿਲ ਉੱਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਮੂਰਤੀ ਲਾਉਣ ਦਾ ਵਿਰੋਧ ਕਰਦੀਆਂ ਸਿੱਖ ਜਥੇਬੰਦੀਆਂ ਵਿਚਾਲੇ ਸਮਝੌਤਾ ਹੋ ਗਿਆ ਹੈ।

ਇਸ ਦੌਰਾਨ ਦੋਵਾਂ ਧਿਰਾਂ ਵਿੱਚ ਹੋਏ ਸਮਝੌਤੇ ਪਿੱਛੋਂ ਪ੍ਰਬੰਧਕ ਕਮੇਟੀ ਨੇਵਿਸਾਖੀ ਵਾਲੇ ਦਿਨ ਲਾਈ ਗਈ ਮੂਰਤੀ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚੋਂ ਹਟਾ ਦਿੱਤਾ ਹੈ। ਤਸਵੀਰਾਂ ਅਤੇ ਬਾਬਾ ਕਰਮਚੰਦ ਤੇ ਬਾਬਾ ਸ੍ਰੀ ਚੰਦ ਦੇ ਬੁੱਤ ਅਤੇ ਪਲੰਘ ਉੱਤੇਸਜਾਈਆਂ ਤਸਵੀਰਾਂ ਬਾਰੇ ਸਥਿਤੀਅਜੇ ਸਪੱਸ਼ਟ ਨਹੀਂ।ਜਿੱਥੇ ਗੁਰੂ ਘਰਾਂ ਦੇ ਗ੍ਰੰਥੀਆਂ ਨੂੰ ਮਰਿਆਦਾ ਦੀ ਰਾਖੀ ਕਰਨ ਲਈ ਸਤਿਕਾਰ ਦਿੱਤਾ ਜਾਂਦਾ ਹੈ, ਉਥੇ ਮਨਮਤਿ ਕਰਦਿਆਂ ਅਰਦਾਸ ਕਰਕੇ ਮੂਰਤੀ ਲਵਾਉਣ ਵਾਲੇ ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲੇ ਦੇ ਗ੍ਰੰਥੀ ਸਿੰਘ ਨੇ ਮੂਰਤੀਆਂ ਹਟਾਉਣ ਦਾ ਵਿਰੋਧ ਕਰਦਿਆਂ ਥਾਣਾ ਮੁਖੀ ਅਤੇ ਮੀਡੀਆ ਦੀ ਹਾਜ਼ਰੀ ਵਿੱਚ ਕਿਹਾ ਕਿ ਸਾਨੂੰ ਪਤਾ ਹੁੰਦਾ ਤਾਂ ਅਸੀਂ ਵੀ ਫੇਸਬੁੱਕ ਉੱਤੇ ਲਾਈਵ ਹੋ ਕੇ ਸੰਗਤਾਂ ਦਾ ਇਕੱਠ ਕਰ ਸਕਦੇ ਸੀ।ਗੁਰ-ਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਕੁੱਕੂ ਨੇ ਕਿਹਾ ਕਿ ਉਨ੍ਹਾਂ ਨੇ ਸੇਵਾ ਕਰਨੀ ਹੈ, ਜਿਵੇਂ ਗੁਰੂ ਸਾਹਿਬ ਅਤੇ ਮਹਾਪੁਰਸ਼ਾਂ ਨੂੰ ਚੰਗਾ ਲੱਗੇ, ਅਸੀਂ ਕਰਦੇ ਰਹਾਂਗੇ, ਪਰ ਸੰਗਤਾਂ ਵਿੱਚ ਕਿਸੇ ਦੁਬਿਧਾ ਪੈਣ ਦੇ ਵਿਰੁੱਧ ਹਾਂ। ਉਨ੍ਹਾਂ ਦੱਸਿਆ ਕਿ ਹਾਲੇ ਕਾਰ ਪਾਰਕਿੰਗ ਵਾਲੇ ਪਾਸੇ ਵਿਸ਼ੇਸ਼ ਕਮਰਾ ਸਜਾ ਕੇ ਮੂਰਤੀਆਂ ਰੱਖੀਆਂ ਜਾਣਗੀਆਂ ਅਤੇ ਸਮਾਂ ਪਾ ਕੇ ਨਵਾਂ ਅਸਥਾਨ ਵੱਖਰੇ ਤੌਰ ਉੱਤੇ ਬਣਾ ਦਿੱਤਾ ਜਾਵੇਗਾ।




# ਅਯੁੱਧਿਆ ’ਚ ਰਾਮ ਮੰਦਰ ਦੀ ਲਾਗਤ ਵਧਣ ਨਾਲ ਟਰੱਸਟ ਨੂੰ ਚਿੰਤਾ

* ਮਹੰਤ ਧਰਮਦਾਸ ਨੇ ਕਿਹਾ: ਟਰੱਸਟ ਦੇ ਕੰਮ ਵਿੱਚ ਪਾਰਦਰਸ਼ਤਾ ਨਹੀਂ

ਲਖਨਊ, 21 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਰਾਮ ਜਨਮ ਭੂਮੀ ਮੰਦਰ ਦੀ ਉਸਾਰੀ ਦੀ ਲਾਗਤ ਬੇਤਹਾਸ਼ਾ ਵੱਧ ਰਹੀ ਹੈ। ਇਸ ਮੰਦਰ ਵਾਲੇ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਕੁਝ ਮੈਂਬਰਾਂ ਅਤੇ ਸਾਲ 1991 ਤੋਂ ਇਸ ਮੰਦਰ ਦੇ ਆਰਕੀਟੈਕਟ ਸੀ ਬੀ ਸੋਮ-ਪੁਰਾ ਨੇ ਵੀ ਨੇ ਮੰਦਰ ਉਸਾਰੀ ਦੀ ਵਧਦੀ ਲਾਗਤ ਉੱਤੇ ਚਿੰਤਾ ਪ੍ਰਗਟਾਈ ਹੈ।

ਬੀਤੀ 19 ਅਪ੍ਰੈਲ ਨੂੰ ਅਯੁੱਧਿਆ ਵਿੱਚ ਹੋਈ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੀ ਬੈਠਕ ਵਿੱਚ ਮੰਦਰ ਉਸਾਰੀ ਦੀ ਲਾਗਤ ਬਾਰੇ ਟਰੱਸਟ ਜਨਰਲ ਸੈਕਟਰੀ ਚੰਪਤ ਰਾਏ ਨੇ ਕਿਹਾ ਕਿ “ਜੋ ਲਾਗਤ ਅੱਜ ਬਣਦੀ ਹੈ, ਹੋ ਸਕਦਾ ਹੈ ਕਿ ਭਵਿੱਖ ਵਿੱਚ ਇਸ ਤੋਂ ਵੀ ਵੱਧ ਖਰਚਾ ਹੋਵੇ। ਅੱਜ ਦੀ ਅਨੁਮਾਨਤ ਲਾਗਤ ਸਤੰਬਰ 2020 ਨਾਲ ਨਹੀਂ ਤੋਲੀ ਜਾ ਸਕਦੀ। ਓਦੋਂ ਅਸੀ ਤੇ ਉਸਾਰੀ ਕਰਨ ਵਾਲੀ ਕੰਪਨੀ ‘ਐਲ ਐਂਡ ਟੀ’ ਦੇ ਓਦੋਂ ਦੇ ਅਧਿਕਾਰੀ ਵੀ ਇੰਨੇ ਕੰਮਾਂ ਤੋਂ ਜਾਣੂ ਨਹੀਂ ਸਾਂ, ਜੋ ਅੱਜ ਕੀਤੇ ਜਾ ਰਹੇ ਹਨ।” ਸਤੰਬਰ 2020 ਵਿੱਚ ਟਰੱਸਟ ਨੇ ਮੰਦਰ ਉਸਾਰੀਉੱਤੇ 500 ਕਰੋੜ ਰੁਪਏ ਦੀ ਲਾਗਤ ਦਾ ਅੰਦਾਜ਼ਾ ਦੱਸਿਆ ਸੀ। ਟਰੱਸਟ ਬਣਨ ਪਿੱਛੋਂ ਆਮਦਨ-ਖਰਚ ਅਤੇ ਮੰਦਰ ਉਸਾਰੀਦੇ ਅਨੁਮਾਨਤ ਖਰਚ ਦੀ ਜਾਣਕਾਰੀ ਟਰੱਸਟ ਨੇ ਅਜੇ ਜਨਤਾ ਨੂੰ ਨਹੀਂ ਦੱਸੀ। ਇਸ ਮੰਗਲਵਾਰ ਦੀ ਬੈਠਕ ਵਿੱਚ ਖਰਚ ਬਾਰੇ ਇੱਕ ਪ੍ਰੈਜ਼ੈਂਟੇਸ਼ਨ ਟਰੱਸਟ ਦੇ ਮੈਂਬਰਾਂ ਨੂੰ ਦਿੱਤੀ ਗਈ ਹੈ, ਪਰ ਜਾਣਕਾਰੀ ਨੂੰ ਗੁਪਤ ਰੱਖਿਆ ਹੈ। 2020-21 ਦੇ ਆਮਦਨ-ਖਰਚ ਦੀ ਆਡਿਟ ਰਿਪੋਰਟ ਤਿਆਰ ਹੈ ਅਤੇ ਇਨਕਮ ਟੈਕਸ ਰਿਟਰਨ ਫਾਈਲ ਕਰ ਦਿੱਤੀ ਹੈ।

ਇਸ ਦੌਰਾਨ 1949 ਤੋਂ ਸ੍ਰੀ ਰਾਮ ਮੰਦਰ ਅੰਦੋਲਨ ਨਲ ਜੁੜੇ ਰਹੇ ਨਿਰਵਾਣੀ ਅਖਾੜੇ ਦੇ ਮਹੰਤ ਧਰਮਦਾਸ ਨੇ ਕਿਹਾ ਹੈ ਕਿ ਟਰੱਸਟ ਦੇ ਕੰਮਾਂ ਵਿੱਚ ਪਾਰਦਰਸ਼ਤਾ ਅਤੇ ਆਮਦਨ-ਖਰਚ ਦੀ ਜਾਣਕਾਰੀ ਰਾਮ ਭਗਤਾਂ ਨੂੰ ਦੇਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਮੰਦਰ ਦੇ ਕੰਮ ਵਿੱਚ ਪਾਰਦਰਸ਼ਤਾ ਨਹੀਂ ਹੈ।

## ਮਨੀਸ਼ ਤਿਵਾੜੀ ਦੀ ਮੰਗ:

# ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਜਾਵੇ

ਨਵੀਂ ਦਿੱਲੀ, 21 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਨੂੰ ਛੱਡੇ ਜਾਣ ਦਾ ਵਿਰੋਧ ਕਰਨ ਲਈ ਆਪਣੇ ਪਾਰਟੀ ਸਹਿਯੋਗੀ ਵੱਲੋਂ ਸਰਕਾਰ ਨੂੰ ਅਪੀਲ ਕਰਨ ਤੋਂ ਅਗਲੇ ਦਿਨ ਕਾਂਗਰਸ ਨੇਤਾ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦੇਣੀ ਚਾਹੀਦੀ ਹੈ।



ਸਾਬਕਾ ਕੇਂਦਰੀ ਮੰਤਰੀ ਅਤੇ ਕਾਂਗਰਸ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਕੱਲ੍ਹ ਏਥੇ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ 26 ਸਾਲਾਂ ਤੋਂ ਜੇਲ੍ਹ ਵਿੱਚ ਹੈ ਅਤੇ ਇਹ ਉਸ ਦੀ ਸਜ਼ਾ ਘੱਟ ਕਰਨ ਅਤੇ ਧਾਰਾ 432 ਸੀ ਆਰ ਪੀ ਸੀ (ਸਜ਼ਾ ਨੂੰ ਰੱਦ ਕਰਨ ਜਾਂ ਹਟਾਉਣ ਦੀ ਸ਼ਕਤੀ) ਹੇਠ ਰਿਹਾਅ ਕਰਨ ਦਾ ਸਮਾਂ ਹੈ। ਤਿਵਾੜੀ ਨੇ ਟਵੀਟ ਕਰਕੇ ਲਿਖਿਆ, ‘‘ਸੀ ਆਰ ਪੀ ਸੀ ਦੀ ਧਾਰਾ 432 ਹੇਠ ਉਸ ਨੂੰ ਜੇਲ੍ਹ ਤੋਂ ਰਿਹਾਅ ਕਰੋ। ਕੈਦ ਅਪਰਾਧਿਕ ਨਿਆਂ ਸ਼ਾਸਤਰ ਦੇ ਸੁਧਾਰ ਉੱਤੇ ਆਧਾਰਤ ਹੋਣੀ ਚਾਹੀਦੀ ਹੈ, ਬਦਲਾ ਲੈਣ ਉੱਤੇ ਨਹੀਂ।"

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਾਹਮਣੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਲਵੰਤ ਸਿੰਘ ਰਾਜੋਆਣਾ ਦੀ ਜਲਦ ਰਿਹਾਈ ਦਾ ਮੁੱਦਾ ਉਠਾਇਆ ਤਾਂਕਾਂਗਰਸ ਐਮ ਪੀ ਰਵਨੀਤ ਸਿੰਘ ਬਿੱਟੂ ਨੇਕਿਹਾ ਸੀ ਕਿ ਉਸ ਨੂੰ ਮੁਆਫੀ ਦੇਣ ਨਾਲ ‘ਬਹੁਤ ਗਲਤ ਸੰਦੇਸ਼ ਜਾਵੇਗਾ ਅਤੇ ਦੇਸ਼ ਦੇ ਦੁਸ਼ਮਣ ਨੂੰ ਮਜ਼ਬੂਤੀ ਮਿਲੇਗੀ।' ਮਨੀਸ਼ ਤਿਵਾੜੀ ਨੇ ਇੱਕ ਹੋਰ ਟਵੀਟ ਵਿੱਚ ਕਿਹਾ,‘ਦਹਿਸ਼ਤ ਦਾ ਸ਼ਿਕਾਰ ਹੋਣ ਦੇ ਨਾਤੇ ਮੈਂ ਆਪਣੇ ਸਹਿਯੋਗੀ ਰਵਨੀਤ ਸਿੰਘ ਬਿੱਟੂ ਦਾ ਦਰਦ ਸਮਝਦਾ ਹਾਂ, ਪਰ ਇੱਕ ਵਕੀਲ ਅਤੇ ਪੰਜਾਬ ਦੇ ਐਮ ਪੀ ਵਜੋਂ ਮੇਰਾ ਵਿਚਾਰ ਹੈ ਕਿ ਰਾਜੋਆਣਾ 26 ਸਾਲ ਤੋਂ ਜੇਲ੍ਹ ਵਿੱਚ ਹੈ। ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਜਾਵੇ ਅਤੇ ਧਾਰਾ 432 ਸੀ ਆਰ ਪੀ ਸੀ ਦੇ ਤਹਿਤ ਆਦੇਸ਼ ਪਾਸ ਕਰਕੇ ਉਸ ਨੂੰ ਰਿਹਾਅ ਕਰ ਦਿੱਤਾ ਜਾਏ।’

# ਸੀ ਐਮ ਯੋਗੀ ਦੇ ਐਲਾਨ ਪਿੱਛੋਂ ਸਖ਼ਤੀ ਪਿੱਛੋਂ ਨੋਇਡਾ ਵਿੱਚ 602 ਮੰਦਰਾਂ ਤੇ 265 ਮਸਜਿਦਾਂ ਨੂੰ ਪੁਲਸ ਦਾ ਨੋਟਿਸ

ਲਖਨਊ, 21 ਅਪ੍ਰੈਲ (ਪੋਸਟ ਬਿਊਰੋ)- ਲਾਊਡ ਸਪੀਕਰਬਾਰੇ ਜਾਰੀ ਵਿਵਾਦ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਹੁਕਮ ਪਿੱਛੋਂ ਨੋਇਡਾ ਵਿੱਚ 602 ਮੰਦਰਾਂ ਅਤੇ 265 ਮਸਜਿਦਾਂ ਨੂੰ ਪੁਲਸ ਨੇ ਨੋਟਿਸ ਜਾਰੀ ਕੀਤਾ ਹੈ। ਪੁਲਸ ਕਮਿਸ਼ਨਰ ਦੇ ਨਿਰਦੇਸ਼ ਪਿੱਛੋਂ ਅਧਿਕਾਰੀਆਂ ਨੇ ਮੰਦਰਾਂ, ਮਸਜਿਦਾਂ ਦਾ ਦੌਰਾ ਕੀਤਾ।

< ਵਰਨਣ ਯੋਗ ਹੈ ਕਿ ਪੁਲਸ ਕਮਿਸ਼ਨਰ ਨੇ ਇਨ੍ਹਾਂ ਨਿਰਦੇਸ਼ਾਂ ਵਿੱਚ ਉਨ੍ਹਾਂ ਨੇ ਲਾਊਡਸਪੀਕਰਾਂ ਦੀ ਵਰਤੋਂ ਬਾਰੇ ਨਿਰਦੇਸ਼ਾਂ ਦੀ ਪਾਲਣਾ ਹਰ ਹਾਲਕਰਨ ਨੂੰ ਕਿਹਾ ਹੈ।ਗੌਤਮ ਬੁੱਧ ਨਗਰ ਪੁਲਸ ਕਮਿਸ਼ਨਰੇਟ ਨੇ ਕਾਰਵਾਈ ਸ਼ੁਰੂ ਕਰਦੇ ਹੋਏ 621 ਮੰਦਰਾਂ ਵਿੱਚੋਂ 602 ਨੂੰ, 268 ਮਸਜਿਦਾਂ ਵਿੱਚੋਂ 265 ਨੂੰ ਅਤੇ 16 ਹੋਰ ਧਾਰਮਿਕ ਸਥਾਨਾਂ ਦੇ ਧਰਮ ਗੁਰੂਆਂ ਅਤੇ ਕਮੇਟੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਬਾਰੇ ਚਿਤਾਵਨੀ ਵੀ ਦਿੱਤੀ ਗਈ ਹੈ ਕਿ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ। ਤੇਜ਼ ਆਵਾਜ਼ ਵਿੱਚ ਲਾਊਡਸਪੀਕਰ ਜਾਂ ਡੀ ਜੇ ਵਜਾਇਆ ਤਾਂ ਕਾਰਵਾਈ ਹੋਵੇਗੀ। ਨੋਇਡਾ ਪੁਲਸ ਨੇ 217 ਜੰਞ ਘਰਾਂ, 182 ਡੀ ਜੇ ਸੰਚਾਲਕਾਂ ਵਿੱਚੋਂ 175 ਨੂੰ ਵੀ ਨੋਟਿਸ ਜਾਰੀ ਕਰ ਕੇ ਤੇਜ਼ ਆਵਾਜ਼ ਵਿੱਚ ਸੰਗੀਤ ਨਾ ਵਜਾਉਣ ਦੇ ਨਿਰਦੇਸ਼ ਦਿੱਤੇ ਹਨ। ਜਿਸ ਕੰਪਲੈਕਸ ਵਿੱਚ ਸੰਗੀਤ ਵੱਜੇਗਾ,ਆਵਾਜ਼ ਓਥੋਂ ਬਾਹਰ ਨਹੀਂ ਜਾਣੀ ਚਾਹੀਦੀ।

ਨੋਇਡਾ ਵਿੱਚ ਅੱਗੇ ਤੋਂ ਧਾਰਮਿਕ ਜਲੂਸ ਜਾਂ ਸ਼ੋਭਾ ਯਾਤਰਾ ਕੱਢਣ ਤੋਂ ਪਹਿਲਾਂ ਐਫੀਡੇਵਿਟ ਦੇਣਾ ਪਵੇਗਾ, ਜਿਸ ਵਿੱਚਪ੍ਰਬੰਧਕ ਇਹ ਸਪੱਸ਼ਟ ਕਰਨਗੇ ਕਿ ਪ੍ਰੋਗਰਾਮ ਵਿੱਚ ਭੜਕਾਊ ਭਾਸ਼ਣ ਜਾਂ ਪ੍ਰਦਰਸ਼ਨ ਨਹੀਂ ਹੋਵੇਗਾ ਅਤੇ ਜੇ ਅਜਿਹੇ ਹੋਇਆ ਤਾਂ ਉਨ੍ਹਾਂ ਵਿਰੁੱਧ ਨਿਯਮਾਂ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਦਿੱਲੀ ਵਿੱਚ ਭਾਜਪਾ ਨੇਤਾ ਨੂੰ ਘਰ ਮੂਹਰੇ ਗੋਲੀਆਂ ਮਾਰ ਕੇ ਮਾਰਿਆ

ਨਵੀਂ ਦਿੱਲੀ, 21 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਗਾਜ਼ੀਪੁਰ ਇਲਾਕੇ ਵਿੱਚ ਮੋਟਰ ਸਾਈਕਲ ਸਵਾਰ ਬਦਮਾਸ਼ਾਂ ਨੇ ਕੱਲ੍ਹ ਰਾਤ ਭਾਜਪਾ ਨੇਤਾ ਨੂੰ ਉਸ ਦੇ ਘਰ ਦੇ ਬਾਹਰ ਗੋਲੀਆਂ ਮਾਰ ਦਿੱਤੀਆਂ। ਗੰਭੀਰ ਜ਼ਖਮੀ ਜੀਤੂ ਚੌਧਰੀ ਨੂੰ ਨੋਇਡਾ ਦੇ ਮੈਟਰੋ ਹਸਪਤਾਲ ਭਰਤੀ ਕਰਵ-ਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।



ਦੱਸਿਆ ਜਾ ਰਿਹਾ ਹੈ ਕਿ ਜੀਤੂ ਚੌਧਰੀ ਨੂੰ ਚਾਰ-ਪੰਜ ਗੋਲੀਆਂ ਲੱਗੀਆਂ ਹਨ।ਉਹ ਭਾਜਪਾ ਦੇ ਮਯੂਰ ਵਿਹਾਰ ਜ਼ਿਲ੍ਹੇ ਦਾ ਆਗੂ ਸੀ ਅਤੇ ਉਨ੍ਹਾਂ ਦਾ ਕੰਸਟ੍ਰਕਸ਼ਨ ਦਾ ਕਾਰੋਬਾਰ ਵੀ ਸੀ। ਸ਼ੱਕ ਕੀਤਾ ਜਾ ਰਿਹਾ ਹੈ ਕਿ ਕਾਰੋਬਾਰ ਦੇ ਕਾਰਨ ਜੀਤੀ ਰੰਜਿਸ਼ ਵਿੱਚ ਉਸ ਦੀ ਹੱਤਿਆ ਹੋਈ ਹੈ।ਜੀਤੂ ਚੌਧਰੀ ਘੜੋਲੀ ਡੇਅਰੀ ਫਾਰਮ ਵਿੱਚ ਪਰਵਾਰ ਨਾਲ ਰਹਿੰਦਾ ਸੀ। ਪਰਵਾਰ ਵਿੱਚ ਪਤਨੀ, ਦੋ ਬੱਚਿਆਂ ਦੇ ਨਾਲ ਦੋ ਭਰਾ ਤੇ ਹੋਰ ਮੈਂਬਰ ਹਨ। ਪਰਵਾਰ ਅਨੁਸਾਰ ਬੀਤੀ ਰਾਤ ਜੀਤੂ ਆਪਣੇ ਘਰ ਮੌਜੂਦ ਸੀ। ਸਵਾ ਅੱਠ ਵਜੇ ਦੇ ਕਰੀਬ ਮੋਟਰ ਸਾਈਕਲ ਸਵਾਰ ਤਿੰਨ ਜਣੇ ਉਨ੍ਹਾਂ ਦੇ ਘਰ ਦੇ ਬਾਹਰ ਆਏ। ਕਿਸੇ ਬਹਾਨੇ ਉਨ੍ਹਾਂ ਨੂੰ ਘਰ ਦੇ ਬਾਹਰ ਬੁਲਾਇਆ ਤੇ ਉਸ ਦੇ ਸਿਰ, ਛਾਤੀ ਤੇ ਹੱਥ ਉੱਤੇ ਗੋਲੀਆਂ ਮਾਰਨ ਪਿੱਛੋਂ ਫਰਾਰ ਹੋ ਗਏ। ਪਰਵਾਰ ਦਾ ਕਹਿਣਾ ਹੈ ਕਿ ਕੁਝ ਦਿਨ ਪਹਿਲਾਂ ਜੀਤੂ ਚੌਧਰੀ ਨੂੰ ਕੁਝ ਲੋਕਾਂ ਨੇ ਧਮਕੀਆਂ ਵੀ ਦਿੱਤੀਆਂ ਸਨ।

# ਜਹਾਂਗੀਰਪੁਰੀ ਵਿੱਚ ਬੁਲਡੋਜ਼ਰ ਕਾਰਵਾਈ ਤੋਂ ਰਾਘਵ ਚੱਢਾ ਭੜਕੇ

ਨਵੀਂ ਦਿੱਲੀ, 21 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਹਿੰਸਾ ਨਾਲ ਪ੍ਰਭਾਵਤ ਜਹਾਂਗੀਰਪੁਰੀ ਇਲਾਕੇ ਵਿੱਚ ਪ੍ਰਸ਼ਾਸਨ ਦੀ ਕਬਜ਼ੇ ਹਟਾਉਣ ਦੀ ਮੁਹਿੰਮ ਬਾਰੇ ਆਮ ਆਦਮੀ ਪਾਰਟੀ ਦੇ ਨੇਤਾ ਰਾਘਵ ਚੱਢਾ ਦੀ ਪ੍ਰਤੀਕਿਰਿਆ ਆਈ ਹੈ। ਉਸ ਨੇ ਆਪਣੇ ਟਵਿੱਟਰ ਹੈਂਡਲ ਉੱਤੇ ਵੀਡੀਓ ਜਾਰੀ ਕਰ ਕੇ ਕਿਹਾ ਕਿ ‘ਭਾਜਪਾ ਪੂਰੇ ਦੇਸ਼ ਵਿੱਚ ਦੰਗੇ ਕਰਵਾ ਰਹੀ ਹੈ। ਜੇ ਦੇਸ਼ ਵਿੱਚ ਦੰਗੇ ਰੋਕਣੇ ਹਨ ਤਾਂ ਸਭ ਤੋਂ ਪਹਿਲਾਂ ਭਾਜਪਾ ਹੈਡਕੁਆਰਟਰ ਉੱਤੇ ਬੁਲਡੋਜ਼ਰ ਚੱਲਣਾ ਚਾਹੀਦਾ ਹੈ। ਮੈਂ ਗਰੰਟੀ ਨਾਲ ਕਹਿ ਸਕਦਾ ਹਾਂ ਕਿ ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਦੰਗੇ ਰੁਕ ਜਾਣਗੇ।’

ਰਾਘਵ ਚੱਢਾ ਨੇ ਦੋਸ਼ ਲਾਉਂਦੇ ਹੋਏ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰੇ ਉੱਤੇ ਦੰਗੇ ਹੁੰਦੇ ਹਨ। ਦੰਗੇ ਰੋਕਣੇ ਹਨ ਤਾਂ ਅਮਿਤ ਸ਼ਾਹ ਦੇ ਘਰ ਉੱਤੇ ਬੁਲਡੋਜ਼ਰ ਚਲਾਓ। ਉਨ੍ਹਾਂ ਕਿਹਾ ਕਿ ਬੀਤੇ ਅੱਠ ਸਾਲਾਂ ਵਿੱਚ ਭਾਜਪਾ ਨੇ ਪੂਰੇ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਬੰਗਲਾਦੇਸ਼ੀਆਂ ਅਤੇ ਰੋਹਿੰਗਿਆ ਮੁਸਲਮਾਨਾਂ ਨੂੰ ਵਸਾਇਆ ਹੈ ਅਤੇ ਅੱਜਕੱਲ੍ਹਉਨ੍ਹਾਂ ਦੀ ਵਰਤੋਂ ਦੰਗੇ ਕਰਾਉਣ ਲਈ ਕਰ ਰਹੀ ਹੈ। ਜ਼ਹਾਂਗੀਰਪੁਰੀ ਇਲਾਕੇ ਵਿੱਚ ਕਬਜ਼ੇ ਵਿਰੋਧੀ ਮੁਹਿੰਮ ਬਾਰੇ ਰਾਘਵ ਚੱਢਾ ਨੇ ਕਿਹਾ ਕਿ ਪਿਛਲੇ 15 ਸਾਲਾਂ ਵਿੱਚ ਭਾਜਪਾ ਦੇ ਨੇਤਾਵਾਂ ਨੇ ਪੈਸੇ ਖਾ ਕੇ ਗ਼ੈਰ-ਕਾਨੂੰਨੀ ਨਿਰਮਾਣ ਕਰਵਾਏ। ਦਿੱਲੀ ਦੀ ਨਗਰ ਨਿਗਮਨੂੰ ਉਨ੍ਹਾਂ ਨੇਤਾਵਾਂ ਦੇ ਘਰ ਵੀ ਤੋੜਨੇ ਚਾਹੀਦੇ ਹਨ, ਜਿਨ੍ਹਾਂ ਨੇ ਰਿਸ਼ਵਤ ਲੈ ਕੇ ਕਬਜ਼ੇ ਕਰਵਾਏ ਹਨ।

# ਮਾਲਵਿੰਦਰ ਤੇ ਸ਼ਿਵਿੰਦਰ ਨੂੰ ਪੰਜ-ਪੰਜ ਕਰੋੜ ਜੁਰਮਾਨਾ ਪੈ ਗਿਆ

ਨਵੀਂ ਦਿੱਲੀ, 21 ਅਪ੍ਰੈਲ (ਪੋਸਟ ਬਿਊਰੋ)- ਬਾਜ਼ਾਰ ਰੈਗੁਲੇਟਰੀ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਫੋਰਟਿਸ ਹੈਲਥ ਕੇਅਰ ਦੀ ਉਲੰਘਣਾ ਦੇ ਕੇਸ ਵਿੱਚ ਮਾਲਵਿੰਦਰ ਮੋਹਨ ਸਿੰਘ ਤੇ ਸ਼ਿਵਿੰਦਰ ਮੋਹਨ ਸਿੰਘ ਸਮੇਤ ਨੌਂ ਸੰਸਥਾਵਾਂ ਉੱਤੇ ਕੁੱਲ 24 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ।

ਆਪਣੇ 109 ਸਫਿਆਂ ਦੇ ਆਖਰੀ ਹੁਕਮ ਵਿੱਚ ਸੇਬੀ ਨੇ ਦੋਵਾਂ ਸਿੰਘ ਭਰਾਵਾਂ ਉੱਤੇ ਪੰਜ-ਪੰਜ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਅਤੇ ਆਰ ਐਚ ਸੀ ਹੋਲਡਿੰਗ ਪ੍ਰਾਈਵੇਟ ਲਿਮਟਿਡਨੂੰ 2.5 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਫੋਰਟਿਸ ਹੈਲਥ ਕੇਅਰ ਉੱਤੇ ਇੱਕ ਕਰੋੜ ਅਤੇ ਫੋਰਟਿਸ ਹਸਪਤਾਲ ਉੱਤੇ ਪੰਜਾਹ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਹੈ। ਜਿਨ੍ਹਾਂ ਹੋਰ ਲੋਕਾਂ ਉੱਤੇ ਜੁਰਮਾਨਾ ਲਾਇਆ ਹੈ, ਉਨ੍ਹਾਂ ਵਿੱਚ ਮਾਲਵ ਹੋਲਡਿੰਗਸ ਪ੍ਰਾਈਵੇਟ ਲਿਮਟਿਡ (2.5 ਕਰੋੜ ਰੁਪਏ), ਸ਼ਿਵੀ ਹੋਲਡਿੰਗਸ ਪ੍ਰਾਈਵੇਟ (ਲਿਮਟਿਡ (2.5 ਕਰੋੜ ਰੁਪਏ), ਗਗਨਦੀਪ ਸਿੰਘ ਬੇਦੀ (2.5 ਕਰੋੜ ਰੁਪਏ) ਤੇ ਭਵਦੀਪ ਸਿੰਘ (2.5 ਕਰੋੜ ਰੁਪਏ) ਸ਼ਾਮਲ ਹਨ। ਅਕਤੂਬਰ 2018 ਵਿੱਚ ਸੇਬੀ ਨੇ ਫੋਰਟਿਸ ਹੈਲਥ ਕੇਅਰ ਲਿਮਟਿਡ (ਐਫ ਐਚ ਐਲ) ਨੂੰ ਸਿੰਘ ਭਰਾਵਾਂ ਤੇ ਵੱਖ-ਵੱਖ ਹੋਰ ਸੰਸਥਾਵਾਂ ਨੂੰ ਵਿਆਜ ਸਮੇਤ 403 ਕਰੋੜ ਰੁਪਏ ਦੀ ਵਸੂਲੀ ਲਈ ਜ਼ਰੂਰੀ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਅਤੇ ਉਨ੍ਹਾਂ ਦੇ ਬਾਜ਼ਾਰ ਵਿੱਚ ਦਾਖਲੇ ਉੱਤੇ ਤਿੰਨ ਸਾਲ ਪਾਬੰਦੀ ਲਾ ਦਿੱਤੀ ਹੈ। ਉਹ ਕਿਸੇ ਸੂਚੀਬੱਧ ਕੰਪਨੀ ਦੇ ਡਾਇਰੈਕਟਰ ਵੀ ਨਹੀਂ ਬਣ ਸਕਦੇ। ਇਸ ਮੌਕੇ ਸੇਬੀ ਨੇ ਆਰ ਐਚ ਸੀ ਹੋਲਡਿੰਗ ਪ੍ਰਾਈਵੇਟ ਲਿਮਟਿਡ, ਮਾਲਵ ਹੋਲਡਿੰਗਸ ਪ੍ਰਾਈਵੇਟ ਲਿਮਟਿਡ, ਸ਼ਿਵੀ ਹੋਲਡਿੰਗਸ ਪ੍ਰਾਈਵੇਟ ਲਿਮਟਿਡ, ਗਗਨਦੀਪ ਸਿੰਘ ਬੇਦੀ ਤੇ ਭਵਦੀਪ ਸਿੰਘ ਉੱਤੇ ਦੋ ਸਾਲ ਦੇ ਸਮੇਂ ਲਈ ਪਾਬੰਦੀ ਲਾਈ ਹੈ।

# ਮਹਿਲਾ ਜੱਜ ਨੂੰ 197 ਤਰੀਕਾਂ ਪੈ ਕੇ 32 ਸਾਲ ਪਿੱਛੋਂ ਨਿਆਂ ਮਿਲਿਆ, ਪਰ ਬੇਫਾਇਦਾ

ਬੀਕਾਨੇਰ, 21 ਅਪ੍ਰੈਲ (ਪੋਸਟ ਬਿਊਰੋ)- ਕੋਰਟ ਨਾਲ ਧੋਖਾ ਕਰਨ ਅਤੇ ਫਰਜ਼ੀ ਦਸਤਾਵੇਜ਼ ਪੇਸ਼ ਕਰਨ ਉੱਤੇ ਮਹਿਲਾ ਜੱਜ ਨੇ ਤਿੰਨ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਹਾਈ ਕੋਰਟ ਵਿੱਚ ਕੇਸ ਕੀਤਾ, ਪਰ ਫੈਸਲੇ ਲਈ ਉਨ੍ਹਾਂ ਨੂੰ 32 ਸਾਲ ਇੰਤਜ਼ਾਰ ਕਰਨਾ ਪਿਆ। ਇਸ ਦੌਰਾਨ ਉਹ ਰਿਟਾਇਰ ਹੋ ਗਈ, ਮੁੱਖ ਦੋਸ਼ੀ ਮਰ ਗਿਆ। ਮੁੱਖ ਦੋਸ਼ੀ ਦੇ ਦੋ ਸਾਥੀਆਂ ਨੂੰ ਦੋਸ਼ੀ ਮੰਨ ਕੇ ਸਜ਼ਾ ਸੁਣਾਈ ਗਈ, ਪਰ ਵਕਤ ਸਿਰ ਇਨਸਾਫ ਨਾ ਮਿਲਣ ਦਾ ਰੰਜ ਰਹਿ ਗਿਆ।

ਬੀਕਨੇਰ ਵਿੱਚ ਜੁਡੀਸ਼ਲ ਜੱਜ ਕਲਾਸ-ਵਨ ਕਮਲ ਦੱਤ ਦੀ ਕੋਰਟ ਵਿੱਚ ਪਾਰਵਤੀ ਨੇ 20 ਜੁਲਾਈ 1987 ਨੂੰ ਆਪਣੇ ਪਤੀ ਬਸਤੀ ਰਾਮ ਤੋਂ ਗੁਜ਼ਾਰੇ ਭੱਤੇ ਲਈ ਕੇਸ ਦਾਇਰ ਕੀਤਾ ਸੀ। ਬਸਤੀ ਰਾਮ ਨੇ ਪਤਨੀ ਨੂੰ 15000 ਰੁਪਏ ਦਾ ਭੁਗਤਾਨ ਕਰਨ ਦੀ ਰਸੀਦ ਪੇਸ਼ ਕੀਤੀ, ਜੋ ਗਵਾਹ ਆਤਮਾ ਰਾਮ ਅਤੇ ਜੇਠਾ ਰਾਮ ਦੀ ਮਿਲੀਭਗਤ ਨਾਲ ਫਰਜ਼ੀ ਬਣਾਈ ਗਈ ਸੀ। ਉਸ ਉੱਤੇ ਪਾਰਵਤੀ ਦੇ ਅੰਗੂਠੇ ਦਾ ਨਿਸ਼ਾਨ ਵੀ ਫਰਜ਼ੀ ਨਿਕਲਿਆ। ਮੈਜਿਸਟਰੇਟ ਕਮਲ ਦੱਤ ਨੇ 30 ਮਈ 1990 ਨੂੰ ਸੈਸ਼ਨ ਜੱਜ ਸਾਹਮਣੇ ਬਸਤੀ ਰਾਮ ਅਤੇ ਉਸ ਦੇ ਦੋਵਾਂ ਸਾਥੀਆਂ ਦੇ ਖਿਲਾਫ ਕੇਸ ਰੱਖਿਆ। ਇਸ ਉੱਤੇ ਨੋਟਿਸ ਲਿਆ ਗਿਆ ਅਤੇ ਫਿਰ ਕੇਸ ਟਰਾਂਸਫਰ ਹੋ ਕੇ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ-ਵਨ ਦੇ ਕੋਲ ਚਲਾ ਗਿਆ, ਪ੍ਰੰਤੂ ਮਹਿਲਾ ਮੈਜਿਸਟਰੇਟ ਦੇਕੇਸ ਦੀ ਕੋਈ ਕਦਰ ਨਹੀਂ ਰਹੀ। 32 ਸਾਲ ਵਿੱਚ 197 ਤਰੀਕਾਂ ਪਈਆਂ। ਕਦੇ ਦੋਸ਼ੀ ਪੇਸ਼ ਹੁੰਦੇ, ਕਦੀ ਉਨ੍ਹਾਂ ਨੂੰ ਹਾਜ਼ਰੀ ਦੀ ਮੁਆਫੀ ਦਿੱਤੀ ਜਾਂਦੀ। ਦੋਸ਼ੀਆਂ ਦੇ ਵਕੀਲ ਦਾ ਤਰਕ ਸੀ ਕਿ ਕੇਸ ਪੁਰ-ਾਣਾ ਹੈ ਅਤੇ ਦੋਸ਼ੀਆਂ ਦਾ ਇਹ ਪਹਿਲਾ ਅਪਰਾਧ ਹੈ। ਰਹਿਮ ਦੇ ਨਿਯਮ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ। ਕੇਸ ਕਰਨ ਵਾਲੇ ਵਕੀਲ ਨੇ ਕਿਹਾ ਕਿ ਦੋਸ਼ੀਆਂ ਨੇ ਫਰਜ਼ੀ ਦਸਤਾਵੇਜ਼ ਬਣਾਉਣ ਵਿੱਚ ਸਹਿਯੋਗ ਕੀਤਾ ਹੈ ਅਤੇ ਕੋਰਟ ਵਿੱਚ ਸਹੁੰ ਚੁੱਕ ਕੇ ਝੂਠੇ ਬਿਆਨ ਦਿੱਤੇ ਹਨ। ਮੈਜਿਸਟਰੇਟ ਨੇ ਕਿਹਾ ਕਿ ਇਸ ਜੁਰਮ ਵਿੱਚ ਰਹਿਮ ਦੇ ਨਿਯਮ ਦਾ ਲਾਭ ਦਿੱਤਾ ਤਾਂ ਦੋਸ਼ੀਆਂ ਦੇ ਹੌਂਸਲੇ ਵਧਣਗੇ।ਇੱਕ ਮਾਰਚ 2016 ਨੂੰ ਬਸਤੀ ਰਾਮ ਦੀ ਮੌਤ ਹੋ ਗਈ। ਜੈਪੁਰ ਵਾਸੀ ਮੈਜਿਸਟਰੇਟ ਕਮਲ ਦੱਤ ਵੀ ਸਾਲ 2017 ਵਿੱਚ ਰਿਟਾਇਰ ਹੋ ਗਈ। ਬਸਤੀ ਰਾਮ ਦੀ ਪਤਨੀ ਪੀੜਤਾ ਪਾਰਵਤੀ ਨੇ ਵੀ 13 ਸਤੰਬਰ 2021 ਨੂੰ ਦਮ ਤੋੜ ਦਿੱਤਾ। ਤਤਕਾਲੀ ਮੈਜਿਸਟਰੇਟ ਦੱਤ ਦੇ ਚਾਰ ਸਤੰਬਰ 2021 ਨੂੰ ਕੋਰਟ ਵਿੱਚ ਬਿਆਨ ਹੋਏ ਤੇ 32 ਸਾਲ ਬਾਅਦ ਫੈਸਲਾ ਆਇਆ। ਮੈਜਿਸਟਰੇਟ ਪਰਵੀਨ ਬਾਨੂ ਨੇ ਆਪਣੀ ਕੋਰਟ ਦੇ ਸਭ ਤੋਂ ਪੁਰਾਣੇ ਕੇਸ ਵਿੱਚ ਆਤਮਾ ਰਾਮ (74) ਤੇ ਜੇਠਾ ਰਾਮ (78) ਨੂੰ ਦੋਸ਼ੀ ਮੰਨ ਕੇ ਛੇ-ਛੇ ਮਹੀਨੇ ਦੀ ਜੇਲ੍ਹ ਅਤੇ 3000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।



# ਪਾਣੀ ਦੀ ਟੈਂਕੀ ਵਿੱਚੋਂ ਚਾਰ ਲਾਸ਼ਾਂ ਮਿਲੀਆਂ

ਨਾਰਨੌਲ, 21 ਅਪ੍ਰੈਲ (ਪੋਸਟ ਬਿਊਰੋ)- ਹਰਿਆਣਾ ਦੇ ਨਾਰਨੌਲ ਸ਼ਹਿਰ ਵਿੱਚ ਕੱਲ੍ਹ ਇੱਕ ਔਰਤ ਨੇ ਤਿੰਨ ਬੱਚਿਆਂ ਨਾਲ ਖ਼ੁਦਕੁਸ਼ੀ ਕਰ ਲਈ। ਚਾਰਾਂ ਦੀਆਂ ਲਾਸ਼ਾਂ ਪਾਣੀ ਦੀ ਟੈਂਕੀ ਵਿੱਚੋਂ ਮਿਲੀਆਂ ਹਨ।



ਦੱਸਿਆ ਗਿਆ ਹੈ ਕਿ ਘਰੇਲੂ ਝਗੜੇ ਕਾਰਨ ਔਰਤ ਨੇ ਇਹ ਕਦਮ ਚੁਕਿਆ। ਉਸ ਨੇ ਪਹਿਲਾਂ ਤਿੰਨਾਂ ਬੱਚਿਆਂ ਨੂੰ ਪਾਣੀ ਦੀ ਟੈਂਕੀ ਵਿੱਚ ਡੋਬਿਆ ਤੇ ਫਿਰ ਖ਼ੁਦ ਡੁੱਬ ਗਈ। ਪਰਵਾਰ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦਾ ਵਾਸੀਹੈ। ਔਰਤ ਦਾ ਪਤੀ ਰਾਮਸੇਵਕ ਕੁਸਵਾਹਾ ਮਿਸਤਰੀ ਦਾ ਕੰਮ ਕਰਦਾ ਹੈ।ਇਹ ਪਰਵਾਰ ਨਾਰਨੌਲ ਦੇ ਪਿੰਡ ਲੀਆਣਾ ਵਿੱਚ ਕਿਰਾਏ ਉੱਤੇ ਰਹਿੰਦਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮਜ਼ਦੂਰੀ ਕਰਦਾ ਸੀ। ਕੱਲ੍ਹ ਰਾਮਸੇਵਕ ਨੇ ਆਪਣੀ ਪਤਨੀ ਨਾਲ ਕੰਮ ਉੱਤੇ ਜਾਣ ਦੀ ਗੱਲ ਕੀਤੀ, ਪਰ ਉਸ ਨੇ ਕੰਮ ਉੱਤੇ ਜਾਣ ਤੋਂ ਇਨਕਾਰ ਕਰ ਦਿੱਤਾ। ਦੇਰ ਸ਼ਾਮ ਜਦੋਂ ਉਹ ਕੰਮ ਤੋਂ ਪਰਤਿਆ ਤਾਂ ਉਸ ਨੂੰ ਨਾ ਪਤਨੀ ਅਤੇ ਨਾ ਬੱਚੇ ਮਿਲੇ। ਮਕਾਨ ਮਾਲਕ ਨੇ ਪਿੰਡ ਦੇ ਸਰਪੰਚ ਨੂੰ ਦੱਸਿਆ। ਜਦੋਂ ਪਿੰਡ ਵਾਸੀਆਂ ਨੇ ਪਾਣੀ ਵਾਲੀ ਟੈਂਕੀ ਵੇਖੀ ਤਾਂ ਉਨ੍ਹਾਂ ਰਾਮਸੇਵਕ ਦੇ ਤਿੰਨੋਂ ਬੱਚਿਆਂ ਦੀਆਂ ਲਾਸ਼ਾਂ ਸਨ। ਇੱਕ ਬੱਚੇ ਦੀ ਉਮਰ ਸਿਰਫ਼ ਸੱਤ ਮਹੀਨੇ ਦੱਸੀ ਗਈ ਹੈ। ਦੂਸਰੇ ਦੋ ਹੋਰ ਬੱਚਿਆਂ ਦੀ ਉਮਰ ਤਿੰਨ ਤੋਂ ਚਾਰ ਸਾਲ ਸੀ।ਪੁਲਸ ਮੁਤਾਬਕ ਔਰਤ ਦਾ ਪਤੀ ਨਾਲ ਝਗੜਾ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕਿਆ। ਜਾਂਚ ਤੋਂ ਬਾਅਦ ਸੱਚਾਈ ਸਾਹਮਣੇ ਆਵੇਗੀ।

# ਆਪ ਪਾਰਟੀ ਨੇ ਦਿੱਲੀ ਦੰਗੇ ਦੇ ਦੋਸ਼ੀ ਅੰਸਾਰ ਦੀਆਂ ਭਾਜਪਾ ਆਗੂਆਂ ਨਾਲ ਫੋਟੋਆਂ ਜਾਰੀ ਕੀਤੀਆਂ



ਨਵੀਂ ਦਿੱਲੀ, 21 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਜਹਾਂਗੀਰਪੁਰੀ ਇਲਾਕੇ ਵਿੱਚ ਪਿਛਲੇ ਹਫਤੇ ਹੋਈ ਹਿੰਸਾ ਦੇ ਮੁੱਖ ਦੋਸ਼ੀ ਅੰਸਾਰ ਦੀ ਭਾਰਤੀ ਜਨਤਾ ਪਾਰਟੀ ਨਾਲ ਸਿਆਸੀਸਾਂਝ ਹੈ।

ਇਸ ਬਾਰੇ ਆਮ ਆਦਮੀ ਪਾਰਟੀ ਦੀ ਵਿਧਾਇਕਾ ਆਤਿਸ਼ੀ ਮਾਰਲੇਨਾ ਨੇ ਟਵਿੱਟਰ ਉੱਤੇ ਕੁਝ ਫੋਟੋ ਸ਼ੇਅਰ ਕਰ ਕੇ ਭਾਜਪਾ ਉੱਤੇ ਨਿਸ਼ਾਨਾ ਸੇਧਿਆ ਤੇ ਦਾਅਵਾ ਕੀਤਾ ਕਿ ਇਹ ਸਾਫ ਹੁੰਦਾ ਹੈ ਕਿ ਜਹਾਂਗੀਰਪੁਰੀ ਦੰਗਿਆਂ ਦੇ ਮੁਲਜ਼ਮ ਅੰਸਾਰ ਨੂੰ ਪਹਿਲਾਂ ਭਾਜਪਾ ਨੇਤਾਵਾਂ ਨਾਲ ਦੇਖਿਆ ਗਿਆ ਸੀ। ਉਸ ਨੇ ਦੋਸ਼ ਲਾਇਆ ਕਿ ਭਾਜਪਾ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਹੈ। ਆਤਿਸ਼ੀ ਨੇ ਲਿਖਿਆ, ‘‘ਜਹਾਂਗੀਰਪੁਰੀ ਦੰਗਿਆਂ ਦਾ ਮੁੱਖ ਮੁਲਜ਼ਮ ਅੰਸਾਰ ਭਾਜਪਾ ਦਾ ਆਗੂ ਹੈ। ਉਸ ਨੇ ਭਾਜਪਾ ਨੂੰ ਚੋਣ ਲੜਾਉਣ ਵਿੱਚ ਤੇ ਭਾਜਪਾ ਵਿੱਚ ਸਰਗਰਮ ਭੂਮਿਕਾ ਨਿਭਾਈ।” ਆਮ ਆਦਮੀ ਪਾਰਟੀ ਦੇ ਆਗੂ ਸੌਰਭ ਭਾਰਦਵਾਜ ਨੇ ਦੋਸ਼ ਲਾਇਆ ਕਿ ਜਹਾਂਗੀਰਪੁਰੀ ਦੰਗਿਆਂ ਦਾ ਮੁੱਖ ਦੋਸ਼ੀ ਅੰਸਾਰ ਭਾਜਪਾ ਦਾ ਆਗੂ ਹੈ। ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਨੇ ਹਨੂੰਮਾਨ ਜੈਅੰਤੀ ਮੌਕੇ ਦਿੱਲੀ ਵਿੱਚ ਦੰਗੇ ਕਰਵਾਏ ਸਨ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਨੇ ਦੰਗਿਆਂ ਦਾ ਸਭ ਤੋਂ ਵੱਧ ‘ਲਾਭ' ਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤਸਵੀਰਾਂ ਨਾਲ ਭਾਰਤੀ ਜਨਤਾ ਪਾਰਟੀ ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ। ਆਮ ਆਦਮੀ ਪਾਰਟੀ ਦੇ ਅਧਿਕਾਰਤ ਹੈਂਡਲ ਉੱਤੇ ਉਨ੍ਹਾਂ ਦੇ ਹਵਾਲੇ ਨਾਲ ਲਿਖਿਆ ਗਿਆ, ‘‘ਰਾਮ ਨੌਮੀ ਤੋਂ ਹਨੂੰਮਾਨ ਜੈਅੰਤੀ ਤਕ ਦੰਗੇ ਨਾ ਸਿਰਫ ਦਿੱਲੀ ਵਿੱਚ, ਸਗੋਂ ਸੱਤ ਰਾਜਾਂ ਵਿੱਚ ਕਰਵਾਏ ਗਏ ਸਨ। ਭਾਜਪਾ ਪ੍ਰਧਾਨ ਮੰਤਰੀ, ਪਾਰਲੀਮੈਂਟ ਮੈਂਬਰ ਤੇ ਵਿਧਾਇਕ ਸਾਰੇ ਦੰਗਿਆਂ ਦਾ ਲਾਭ ਉਠਾ ਰਹੇ ਸਨ।"

ਦੂਸਰੇ ਪਾਸੇ ਜਹਾਂਗੀਰਪੁਰੀ ਹਿੰਸਾ ਕੇਸ ਵਿੱਚ ਭਾਜਪਾ ਦਾਹੈ ਕੀਤਾ ਕਿ ਮੁਹੰਮਦ ਅੰਸਾਰ ਦੀ ਸਿਆਸੀ ਵਫਾਦਾਰੀ ਆਮ ਆਦਮੀ ਪਾਰਟੀ ਨਾਲ ਹੈ। ਪਾਰਟੀ ਦੇ ਬੁਲ-ਾਰੇ ਆਰ ਪੀ ਸਿੰਘ ਨੇ ਦੱਸਿਆ ਕਿ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਇਆ ਅਤੇ ਆਖਰੀ ਵਾਰ ਉਹ ਇਸ ਪਾਰਟੀ ਦਾ ਮੈਂਬਰ ਸੀ।

# ਪਿਕਅੱਪ ਦੇ ਪਲਟਣ ਨਾਲ ਪਰਵਾਰ ਦੇ 11 ਮੈਂਬਰਾਂ ਦੀ ਮੌਤ



ਝੁੰਝਨੂੰ, 21 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਝੁੰਝਨੂੰ ਵਿੱਚ ਸੜਕ ਹਾਦਸੇ ਵਿੱਚ ਇੱਕੋ ਪਰਵਾਰ ਦੇ 11 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚ ਦੋ ਲੜਕੇ ਅਤੇ ਦੋ ਔਰਤਾਂ ਵੀ ਸ਼ਾਮਲ ਹਨ। ਸੱਤ ਲੋਕ ਜ਼ਖ਼ਮੀ ਹੋਏ ਹਨ। ਸਾਰੇ ਜ਼ਖ਼ਮੀਆਂ ਨੂੰ ਝੁੰਝਨੂੰ ਦੇ ਨਿੱਜੀ ਹਸਪਤਾਲ ਵਿੱਚ ਲਿਆਂਦਾ ਗਿਆ। ਘਟਨਾ ਜ਼ਿਲ੍ਹੇ ਦੇ ਗੁੜਾਗੌਡਜੀ ਦੀ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਪਰਵਾਰ ਦੇ ਬਜ਼ੁਰਗ ਦੀ ਮੌਤ ਹੋ ਗਈ ਸੀ। 14 ਦਿਨ ਪੂਰੇ ਹੋਣ ਉੱਤੇ ਪਰਵਾਰ ਦੇ ਲੋਕ ਅਤੇ ਰਿਸ਼ਤੇਦਾਰ ਅਸਥੀਆਂ ਪ੍ਰਵਾਹ ਕਰਨ ਲਈ ਲੋਹਾਰਗਲ ਗਏ ਸਨ। ਪਰਤਦੇ ਸਮੇਂ ਲੀਲਾਂ ਕੀ ਢਾਣੀ ਅਤੇ ਹੁਕਮਪੁਰਾ ਵਿਚਾਲੇ ਸੜਕ ਕੰਢੇ ਟ੍ਰੈਕਟਰ-ਟਰਾਲੀ ਖੜੀ ਸੀ। ਸਪੀਡ ਵਿੱਚ ਪਿਕਅੱਪ ਨੇ ਟ੍ਰੈਕਟਰ ਨੂੰ ਟੱਕਰ ਮਾਰ ਦਿੱਤੀ ਅਤੇ ਉਹ ਪਲਟ ਗਈ। ਗੱਡੀ ਵਿੱਚ 18 ਲੋਕ ਸਨ।ਹਾਦਸੇ ਵਿੱਚ ਅੱਠਾਂ ਦੀ ਮੌਕੇ ਉੱਤੇ ਮੌਤ ਹੋਈ ਹੈ। ਇਲਾਜ ਦੌਰਾਨ ਤਿੰਨ ਹੋਰਨਾਂ ਨੇ ਦਮ ਤੋੜ ਦਿੱਤਾ।ਇਸ ਹਾਦਸੇ ਤੋਂ ਬਾਅਦ ਪੀ ਐਮ ਨਰਿੰਦਰ ਮੋਦੀ ਵੱਲੋਂ ਮ੍ਰਿਤਕਾਂ ਅਤੇ ਜ਼ਖ਼ਮੀਆਂ ਲਈ ਆਰਥਿਕ ਮੱਦਦ ਦਾ ਐਲਾਨ ਕੀਤਾ ਹੈ। ਉਨ੍ਹਾਂ ਟਵੀਟ ਕਰ ਕੇ ਦੱਸਿਆ ਕਿ ਪੀ ਐਮ ਐਨ ਆਰ ਐਫ ਫੰਡ ਵਿੱਚੋਂ ਮ੍ਰਿਤਕਾਂ ਨੂੰ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਆਰਥਿਕ ਸਹਾਇਤਾ ਦਿੱਤੀ ਜਾਵੇਗੀ।

# ਭਾਰਤ ਦੀ ਪ੍ਰੋਜੈਕਟ-75 ਦੀ ਆਖਰੀ ਪਣਡੁੱਬੀ ਵਗਸ਼ੀਰ ਲਾਂਚ

ਮੁੰਬਈ, 21 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਸਮੁੰਦਰੀ ਸੀਮਾ ਨੂੰ ਹੋਰ ਮਜਬੂਤ ਬਣਾਉਣ ਦੇ ਲਈ ਮਜ਼ਗਾਂਓਂ ਡਾਕ ਸ਼ਿਪਬਿਲਡਰਸ ਨੇ ਕੱਲ੍ਹ ਪ੍ਰੋਜੈਕਟ-75 ਦੇ ਤਹਿਤ ਛੇ ਪਣਡੁੱਬੀਆਂ ਵਿੱਚੋਂ ਆਖਰੀ ਆਈ ਐਨ ਐਸ ਵਗਸ਼ੀਰ ਨੂੰ ਪਾਣੀ ਵਿੱਚ ਉਤਾਰਿਆ ਹੈ। ਦੁਸ਼ਮਣਾਂ ਨੂੰ ਚੋਟ ਕਰਨ ਦੇ ਸਮਰੱਥ ਇਸ ਪਣਡੁੱਬੀ ਨੂੰ ਰੱਖਿਆ ਸੈਕਟਰੀ ਨੇ ਲਾਂਚ ਕੀਤਾ। ਉਨ੍ਹਾਂ ਨੇ ਕਿਹਾ ਕਿ ਪਣਡੁੱਬੀ ਨੂੰ ਆਪਣੀ ਸਮਰੱਥਾ ਸਾਬਤ ਕਰਨ ਲਈ ਇੱਕ ਸਾਲ ਤੋਂ ਵੱਧ ਸਮਾਂ ਕਠੋਰ ਟੈਸਟਾਂ ਵਿੱਚੋਂਲੰਘਣਾ ਪਵੇਗਾ। ਇਹ ਪਣਡੁੱਬੀ ਮਿਥੇ ਹੋਏ ਸਮੇਂ ਤੋਂ ਪਹਿਲਾਂ ਲਾਂਚ ਕੀਤੀ ਗਈ ਹੈ।ਰੱਖਿਆ ਸੈਕਟਰੀ ਨੇ ਕਿਹਾ, ਇਹ ਪਣਡੁੱਬੀ ਆਤਮਨਿਰਭਰਤਾ ਦੀ ਵੀ ਇੱਕ ਪ੍ਰਮੁੱਖ ਮਿਸਾਲ ਹੈ।



ਇਸ ਪਣਡੁੱਬੀ ਦਾ ਨਾਂਅ ਸੈਂਡਫਿਸ਼ ਦੇ ਨਾਂਅ ਉੱਤੇ ਰੱਖਿਆ ਗਿਆ ਹੈ। ਹਿੰਦ ਮਹਾਸਾਗਰ ਦੀ ਖਤਰਨਾਕ ਸ਼ਿਕਾਰੀ ਮੱਛੀ ਦੇ ਨਾਂਅ ਵਾਲੀ ਪਹਿਲੀ ਪਣਡੁੱਬੀ ਵਗਸ਼ੀਰ ਨੂੰ ਦਸੰਬਰ 1974 ਵਿੱਚ ਕਮਿਸ਼ਨ ਕੀਤਾ ਗਿਆ ਸੀ। ਇਸ ਨੂੰ ਅਪ੍ਰੈਲ 1997 ਵਿੱਚ ਸੇਵਾਮੁਕਤ ਕਰ ਦਿੱਤਾ ਗਿਆ। ਨਵੀਂ ਪਣਡੁੱਬੀ ਪੁਰਾਣੇ ਰੂਪ ਦਾ ਨਵਾਂ ਵਰਜ਼ਨ ਹੈ, ਕਿਉਂਕਿ ਸਮੁੰਦਰੀ ਫੌਜ ਅਨੁਸਾਰ ਜਹਾਜ਼ ਦੀ ਹੋਂਦ ਕਦੇ ਸਮਾਪਤ ਨਹੀਂ ਹੁੰਦੀ। ਜਹਾਜ਼, ਪਣਡੁੱਬੀ ਦੇ ਸੇਵਾ-ਮੁਕਤ ਹੋਣ ਪਿੱਛੋਂ ਵੀ ਨਵੇਂ ਜਹਾਜ਼, ਪਣਡੁੱਬੀ ਨੂੰ ਪੁਰਾਣੇ ਜਹਾਜ਼ ਦਾ ਨਾਂਅ ਦਿੱਤਾ ਜਾਂਦਾ ਹੈ।ਪ੍ਰੋਜੈਕਟ 75 (ਆਈ) ਦੇ ਤਹਿਤ ਪਣਡੁੱਬੀਆਂ ਦੇ ਦੇਸੀ ਵਰਜ਼ਨ ਦੀ ਕਲਪਨਾ ਕੀਤੀ ਗਈ ਹੈ। ਰੱਖਿਆ ਉਦਯੋਗ ਵਿੱਚ ਭਾਈਵਾਲ ਦੀ ਮਦਦ ਨਾਲ ਪਹਿਲੀ ਵਾਰ ਭਾਰਤ ਵਿੱਚ ਸਮੁੰਦਰੀ ਡੀਜ਼ਲ ਇੰਜਣ ਬਣਾਇਆ ਜਾਏਗਾ। ਵਾਈਸ ਐਡਮਿਰਲ ਨੇ ਕਿਹਾ ਕਿ ਅੱਜ ਤਕ ਪ੍ਰੋਜੈਕਟ-75 ਹੇਠ ਆਈ ਐਨ ਐਸ ਕੋਲਾਵਰੀ, ਈ ਐਨ ਐਸ ਖੰਡੇਰੀ, ਆਈ ਐਨ ਐਸ ਕਰੰਗ ਅਤੇ ਆਈ ਐਨ ਐਸ ਵੇਲਾ ਬਣਾਈਆਂ ਗਈਆਂ ਹਨ।



# ਪਾਕਿਸਤਾਨ ਵਿੱਚ ਅੱਗ ਲੱਗਣ ਨਾਲ 9 ਬੱਚਿਆਂ ਦੀ ਮੌਤ, 20 ਜ਼ਖ਼ਮੀ

ਇਸਲਾਮਾਬਾਦ, 21 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਦਾਦੂ ਜ਼ਿਲ੍ਹੇ ਜੇ ਮੁਹੰਮਦ ਦਕਿਆਨੀ ਚੰਦੀਉ ਪਿੰਡ ਵਿੱਚ ਲੱਗੀ ਭਿਆਨਕ ਅੱਗ ਵਿੱਚ 9 ਬੱਚਿਆਂ ਦੀ ਮੌਤ ਹੋ ਗਈ, ਲੱਗਭਗ 20 ਪਿੰਡ ਵਾਸੀ ਜ਼ਖ਼ਮੀ ਹੋ ਗਏ ਅਤੇ ਲੱਗਭਗ 50 ਘਰ ਸੜ ਗਏ। ਤੇਜ਼ ਹਵਾਵਾਂ ਚੱਲਣ ਕਾਰਨ ਅੱਗ ਤੂੜੀ ਵਾਲੇ ਘਰ ਦੀ ਰਸੋਈ ਤੋਂ ਬਾਕੀ ਘਰਾਂ ਤਕ ਫੈਲ ਗਈ, ਜਿਸ ਨਾਲ ਲੱਗਭਗ ਪੂਰੇ ਪਿੰਡ ਵਿੱਚ ਅੱਗ ਲੱਗ ਗਈ।ਜ਼ਖ਼ਮੀਆਂ ਵਿੱਚੋਂ ਕੁਝ ਨੂੰ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਤੇ ਬਾਕੀਆਂ ਨੂੰ ਮਹਾਰ ਅਤੇ ਲਰਕਾਣਾ ਜ਼ਿਲ੍ਹੇ ਦੇ ਨਿੱਜੀ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਹੈ। ਇਹ ਸਾਰੇ ਨਾਜ਼ੁਕ ਹਾਲਤ ਵਿੱਚ ਹਨ। ਪੁਲਸ ਦੇ ਸੀਨੀਅਰ ਸੁਪਰਡੈਂਟ ਨੇ ਨੌਂ ਬੱਚਿਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਅੱਗ ਨਾਲ 150 ਤੋਂ ਵੱਧ ਪਸ਼ੂ ਵੀ ਝੁਲਸ ਗਏ। ਪਿੰਡ ਵਾਸੀਆਂ ਦੀ ਕਰੀਬ 15,000 ਮਣ ਕਣਕ, ਚੌਲ ਅਤੇ ਅਨਾਜ ਦੇ ਨਾਲ ਕਈ ਹੋਰ ਨਿੱਜੀ ਸਮਾਨ ਦਾ ਵੀ ਭਾਰੀ ਨੁਕਸਾਨ ਹੋਇਆ ਹੈ।



ਪਿੰਡ ਵਾਸੀਆਂ ਨੇ ਦੱਸਿਆ ਕਿ ਰਾਤ 9 ਵਜੇ ਦੇ ਕਰੀਬ ਅੱਗ ਲੱਗਣ ਦੀ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਕਮੇਟੀ ਨੂੰ ਦਿੱਤੀ ਸੀ ਪਰ ਅੱਗ ਬੁਝਾਊ ਅਮਲੇ ਨੇ ਓਥੇ ਪਹੁੰਚ ਕੇ ਅਗਲੇ ਦਿਨ ਸਵੇਰੇ ਅੱਠ ਵਜੇ ਦੇ ਕਰੀਬ ਅੱਗ ਉੱਤੇ ਕਾਬੂ ਪਾਇਆ। ਇਸ ਦੇ ਇਲਾਵਾ ਕੋਈ ਜ਼ਿਲ੍ਹਾ ਅਧਿਕਾਰੀ ਜਾਂ ਕੋਈ ਚੁਣਿਆ ਹੋਇਆ ਪ੍ਰਤੀਨਿਧੀ ਪਿੰਡ ਦਾ ਦੌਰਾ ਕਰਨ ਨਹੀਂ ਪਹੁੰਚਿਆ। ਦਾਦੂ ਜ਼ਿਲ੍ਹੇ ਵਿੱਚ ਅੱਗ ਲੱਗਣ ਦੀਆਂ ਤਿੰਨ ਹੋਰ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

# ਭਾਰਤ ਨੇ ਖ਼ੁਰਾਕੀ ਅਤੇ ਊਰਜਾ ਸੰਕਟ ਦੂਰ ਕਰਨਾ ਜ਼ਰੂਰੀ ਦੱਸਿਆ

ਯੂ ਐੱਨ ਓ, 21 ਅਪ੍ਰੈਲ (ਪੋਸਟ ਬਿਊਰੋ)- ਰੂਸ ਅਤੇ ਯੂਕਰੇਨ ਦੀ ਜੰਗ ਵਿਚਾਲੇ ਦੁਨੀਆ ਭਰ ਵਿੱਚ ਖ਼ੁਰਾਕੀ ਅਤੇ ਊਰਜਾ ਦਾ ਸੰਕਟ ਪੈਦਾ ਹੋ ਗਿਆ ਹੈ। ਖਾਸ ਤੌਰ ਉੱਤੇ ਵਿਕਾਸਸ਼ੀਲ ਦੇਸ਼ਾਂ ਦੀ ਹਾਲਤ ਬਹੁਤ ਮਾੜੀ ਹੈ। ਇਸ ਹਾਲਤ ਵਿੱਚ ਪਹਿਲੀ ਵਾਰੀ ਭਾਰਤ ਨੇ ਯੂ ਐੱਨ ਸਕਿਓਰਿਟੀ ਕੌਂਸਲ ਨੂੰ ਕਿਹਾ ਕਿ ਊਰਜਾ ਦਾ ਸੰਕਟ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਾਂਝੀਆਂ ਕੋਸ਼ਿਸ਼ਾਂ ਨਾਲ ਇਸ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ।

ਯੂ ਐੱਨ ਓ ਵਿੱਚ ਭਾਰਤ ਦੇ ਉਪ ਸਥਾਈ ਦੂਤ ਆਰ ਰਵਿੰਦਰ ਨੇ ਯੂ ਐੱਨ ਸਕਿਓਰਿਟੀ ਕੌਂਸਲ ਦੀ ਬੈਠਕ ਵਿੱਚ ਯੂਕਰੇਨ ਵਿੱਚ ਮਨੁੱਖੀ ਅਧਿਕਾਰਾਂ ਦੇ ਹਾਲਾਤ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਯੂਕਰੇਨ




ਜੰਗ ਲੱਗਣ ਮਗਰੋਂ ਖ਼ੁਰਾਕੀ ਸੁਰੱਖਿਆ ਦੀ ਚੁਣੌਤੀ ਬਹੁਤ ਵਧ ਗਈ ਹੈ। 24 ਫਰਵਰੀ ਨੂੰ ਯੂਕਰੇਨ ਉੱਤੇ ਰੂਸ ਦੇ ਹਮਲੇ ਦੇ ਬਾਅਦ ਤੋਂ ਸਾਡੇ ਸਾਰੇ ਦੇਸ਼ਾਂ ਦੀ ਜ਼ਿੰਮੇਵਾਰੀ ਹੋ ਗਈ ਹੈ ਕਿ ਅਸੀਂ ਬਹੁਤ ਸਮਝਦਾਰੀ ਨਾਲ ਕਿਸੇ ਵੀ ਗੱਲ ਉੱਤੇ ਪ੍ਰਤੀਕਿਰਿਆ ਦਈਏ। ਜੰਗ ਦੇ ਹਾਲਾਤ ਦਾ ਅਸਰ ਦੁਨੀਆ ਦੇ ਵਿਕਾਸਸ਼ੀਲ ਦੇਸ਼ਾਂ ਉੱਤੇਵੱਧ ਹੋ ਰਿਹਾ ਹੈ, ਜਿੱਥੇ ਖ਼ੁਰਾਕੀ ਸੰਕਟ, ਮਹਿੰਗਾ ਤੇਲਅਤੇ ਬਿਜਲੀ ਨਾਲ ਮਹਿੰਗਾਈ ਦੀ ਮਾਰ ਪੈ ਰਹੀ ਹੈ। ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਸਾਰੇ ਯੂ ਐੱਨ ਦੇ ਅੰਦਰ ਤੇ ਬਾਹਰ ਅਤੇ ਅਜਿਹੇ ਸਕਾਰਾਤਮਕ ਤਰੀਕੇ ਨਾਲ ਮਿਲ ਕੇ ਕੰਮ ਕਰੀਏ ਤਾਂ ਜੋ ਸਮੱਸਿਆਵਾਂ ਦਾ ਛੇਤੀ ਤੋਂ ਛੇਤੀ ਹੱਲ ਹੋ ਸਕੇ।

ਰਵਿੰਦਰ ਨੇ ਕਿਹਾ ਕਿ ਭਾਰਤ ਇਸ ਗੱਲ ਦਾ ਸਮਰਥਨ ਕਰਦਾ ਹੈ ਕਿ ਮਨੁੱਖੀ ਅਧਿਕਾਰ ਤੇ ਮੈਡੀਕਲ ਸਪਲਾਈ ਲਈ ਸੁਰੱਖਿਅਤ ਮਾਰਗ ਦੀ ਗਾਰੰਟੀ ਦਿੱਤੀ ਜਾਣੀ ਚਾਹੀਦੀ ਹੈ। ਇਸੇ ਦੇ ਨਾਲ ਭਾਰਤ ਨੇ ਯੂ ਐੱਨ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਗਲੋਬਲ ਕਰਾਈਸਿਸ ਗਰੁੱਪ ਤੋਂ ਤੁਰੰਤ ਪ੍ਰਭਾਵ ਨਾਲ ਖ਼ੁਰਾਕੀ ਬਰਾਮਦ ਦੀਆਂ ਪਾਬੰਦੀਆਂ ਨੂੰ ਹਟਾਉਣ ਦੀ ਅਸੀਂ ਸ਼ਲਾਘਾ ਕਰਦੇ ਹਾਂ।

# ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੇ ਪਰਵਾਰ ਉੱਤੇ ਹਮਲਾ

ਅੰਮ੍ਰਿਤਸਰ, 21 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਦੇ ਦੋ ਪੁੱਤਰ ਤੇ ਉਹ ਖ਼ੁਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਹਨ। ਇਹ ਸਾਰੇ ਲੋਕ ਇਸ ਸਮੇਂ ਨਨਕਾਣਾ ਸਾਹਿਬ ਦੇ ਸਰਕਾਰੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।




ਮਿਲੀ ਜਾਣਕਾਰੀ ਮੁਤਾਬਕ ਮਸਤਾਨ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਕਣਕ ਦੀ ਕੱਟਵਾ ਰਹੇ ਸਨ ਕਿ ਅਚਾਨਕ ਕੁਝ ਲੋਕਾਂ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ। ਹਮਲਾਵਰਾਂ ਦੀ ਗਿਣਤੀ ਵੱਧ ਹੋਣ ਕਾਰਨ ਮਸਤਾਨ ਸਿੰਘ ਤੇ ਉਨ੍ਹਾਂ ਦੇ ਪੁੱਤਰ ਦਿਲਾਵਰ ਸਿੰਘ ਤੇ ਪਲਵਿੰਦਰ ਸਿੰਘ ਉਰਫ਼ ਪਾਲੂ ਜ਼ਖ਼ਮੀ ਹੋ ਗਏ। ਦਿਲਾਵਰ ਸਿੰਘ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਤੋਂ ਕੁਝ ਲੋਕ ਉਨ੍ਹਾਂ ਦੀ ਜ਼ਮੀਨ ਉੱਤੇ ਕਬਜ਼ਾ ਕਰਨ ਦੇ ਯਤਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕੋਟ ਸੰਤਰਾਮ ਵਿੱਚ ਉਨ੍ਹਾਂ ਦੀ ਸਾਂਝੀ ਜ਼ਮੀਨ ਹੈ। ਇਸ ਬਾਰੇ ਪੁਲਸ ਸਾਨੂੰ ਇਨਸਾਫ਼ ਨਹੀਂ ਦੇ ਰਹੀ, ਸਗੋਂ ਸਾਡੇ ਨਾਲ ਧੱਕਾ ਕਰਨ ਵਾਲਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ। ਦਿਲਵਾਰ ਸਿੰਘ ਨੇ ਇੱਕ ਵੀਡੀਓ ਜਾਰੀ ਕਰ ਕੇ ਕਿਹਾ ਕਿ ਪਾਕਿਸਤਾਨ ਵਿੱਚ ਆਜ਼ਾਦੀ ਕਹਿੰਦੇ ਹਨ, ਪਰ ਇੱਥੇ ਘੱਟ ਗਿਣਤੀਆਂ ਸੁਰੱਖਿਅਤ ਨਹੀਂ।ਸਰਕਾਰ ਦੇ ਨੁਮ-ਾਇੰਦੇ ਤੇ ਪੁਲਸ ਦੀ ਮਿਲੀਭੁਗਤ ਨਾਲ ਭੂ ਮਾਫ਼ੀਆ ਦਿਨੋ ਦਿਨ ਲੋਕਾਂ ਦੀਆਂ ਜ਼ਮੀਨਾਂ ਉੱਤੇ ਕਬਜ਼ੇ ਕਰਦੇ ਹਨ ਤੇ ਕਈਆਂ ਦੀਆਂ ਇਹ ਜਾਨਾਂ ਲੈ ਚੁੱਕੇ ਹਨ।

# ਸ਼ਾਹਬਾਜ਼ ਸ਼ਰੀਫ ਦੀ ਨਵੀਂ ਕੈਬਨਿਟ ਬਾਰੇ ਸਹਿਯੋਗੀਆਂ ਵਿੱਚ ਮਤਭੇਦ

ਇਸਲਾਮਾਬਾਦ, 21 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ 34 ਮੈਂਬਰੀ ਕੈਬਨਿਟ ਬਣਨ ਦੇ ਇੱਕ ਦਿਨ ਬਾਅਦ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਐਨ (ਪੀ ਐਮ ਐਲ-ਐਨ) ਗੱਠਜੋੜ ਦੇ ਸਹਿਯੋਗੀ ਦਲਾਂ ਵਿੱਚ ਪ੍ਰਮੁੱਖ ਵਿਭਾਗਾਂ ਦੀ ਵੰਡ ਬਾਰੇ ਮਤਭੇਦ ਪੈਦਾ ਹੋ ਗਿਆ ਹੈ।

ਅਖਬਾਰ ਡਾਨ ਮੁਤਾਬਕ ਸ਼ਾਹਬਾਜ਼ ਨੇ 34 ਮੈਂਬਰੀ ਕੈਬਨਿਟ ਦਾ ਗਠਨ ਕੀਤਾ ਹੈ, ਪਰ ਅਹੁਦੇ ਦੀ ਸਹੁੰ 33 ਮੰਤਰੀਆਂ ਨੇ ਚੁੱਕੀ ਹੈ। ਦੂਸਰੇ ਪਾਸੇ ਕੈਬਨਿਟ ਡਵੀਜ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ 26 ਫੈਡਰਲ ਮੰਤਰੀ ਤੇ ਦੋ ਰਾਜ ਮੰਤਰੀਆਂ ਦੇ ਹੀ ਨਾਂਅ ਹਨ। ਕੈਬਨਿਟ ਵਿੱਚ ਸ਼ਾਮਲ ਪੀ ਐਮ ਐਲ-ਐਨ ਦੇ ਕਈ ਮੰਤਰੀਆਂ ਨੂੰ ਹਾਲੇ ਵਿਚਾਰਹੇਠ ਰੱਖਿਆ ਗਿਆ



ਹੈ। ਸੱਤਾਧਾਰੀ ਗੱਠਜੋੜ ਦੇ ਦੋ ਪ੍ਰਮੁੱਖ ਦਲਾਂ ਪੀ ਐਮ ਐਲ-ਐਨ ਤੇ ਪਾਕਿਸਤਾਨ ਪੀਪੁਲਸ ਪਾਰਟੀ (ਪੀ ਪੀ ਪੀ) ਦੇ ਵਿੱਚ ਕੈਬਨਿਟ ਲਈ ਮੈਂਬਰਾਂ ਦੀ ਚੋਣ ਤੇ ਵਿਭਾਗਾਂ ਦੀ ਵੰਡ ਨੂੰ ਲੈ ਕੇ ਮਤਭੇਦ ਹਨ। ਪੀ ਐਮ ਐਲ-ਐਨ ਦੀ ਅਗਵਾਈ ਹੇਠਕੇਂਦਰ ਸਰਕਾਰ ਨੇ ਰਾਸ਼ਟਰਪਤੀ ਆਰਿਫ ਅਲਵੀ ਖਿਲਾਫ ਮਹਾਦੋਸ਼ ਮਤਾ ਲਿਆਉਣ ਦਾ ਐਲਾਨ ਕੀਤਾ ਹੈ। ਅਲਵੀ ਉੱਤੇ ਸਰਕਾਰ ਦੇ ਰਾਹ ਵਿੱਚ ਅੜਿੱਕਾ ਬਣਨ ਅਤੇ ਪੰਜਾਬ ਦੇ ਨਵੇਂ ਚੁਣੇ ਮੁੱਖ ਮੰਤਰੀ ਹਮਜਾ ਸ਼ਾਹਬਾਜ਼ ਦੇ ਸਹੁੰ ਚੁੱਕ ਸਮਾਰੋਹ ਵਿੱਚ ਅੜਿੱਕਾ ਪੈਦਾ ਕਰਨ ਸਮੇਤ ਕਈ ਦੋਸ਼ ਹਨ। ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਮੁਖੀ ਨਵਾਜ਼ ਸ਼ਰੀਫ ਦੇ ਈਦ-ਉਲ-ਫਿਤਰ ਪਿੱਛੋਂ ਲੰਡਨ ਤੋਂ ਪਾਕਿਸਤਾਨ ਮੁੜਨ ਦੀ ਉਮੀਦ ਹੈ। ਮਾਹਰਾਂ ਦੇ ਅਨੁਸਾਰ ਪਾਕਿਸਤਾਨ ਦੀ ਕਰੀਬ 34 ਫੀਸਦੀ ਆਬਾਦੀ ਰੋਜ਼ ਸਿਰਫ 3.2 ਡਾਲਰ ਦੀ ਆਮਦਨ ਉੱਤੇ ਜੀਅ ਰਹੀ ਹੈ।ਵਿਸ਼ਵ ਬੈਂਕ ਦਾ ਕਹਿਣਾ ਹੈ ਕਿ ਨਕਦੀ ਸੰਕਟ ਨਾਲ ਜੂਝਦੇ ਪਾਕਿ-ਸਤਾਨ ਦੇ ਨਵੇਂ ਬਣਾਏ ਵਿੱਤ ਮੰਤਰੀ ਮਿਫਤਾਹ ਇਸਮਾਇਲ ਦੇ ਸਾਹਮਣੇ ਬੇਤਹਾਸ਼ਾ ਮਹਿੰਗਾਈ ਨੂੰ ਕਾਬੂ ਕਰਨ ਦੀ ਵੱਡੀ ਚੁਣੌਤੀ ਵੀ ਖੜੀ ਹੈ।

# ਅਮਰੀਕਾ ਵੱਲੋਂ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮ ਦੀ ਪਰਖ ਉਤੇ ਰੋਕ



*** ਚੀਨ ਤੋਂ ਨੁਕਸਾਨ ਦੇ ਡਰੋਂ ਅਮਰੀਕਾ ਦਾ ਵੱਡਾ ਫੈਸਲਾ**

ਵਾਸ਼ਿੰਗਟਨ, 21 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੂੰ ਇਹ ਡਰ ਹੈ ਕਿ ਲੋੜ ਪੈਣ ਉੱਤੇ ਚੀਨ ਪੁਲਾੜ ਤਕਨੀਕ ਦੀ ਵਰਤੋਂ ਕਰ ਕੇ ਅਮਰੀਕੀ ਰਡਾਰਾਂ ਅਤੇ ਅਤਿ ਆਧੁਨਿਕ ਹਥਿਆਰ ਸਿਸਟਮਜ਼ ਨੂੰ ਜਾਮ ਕਰ ਸਕਦਾ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੀ ਰੱਖਿਆ ਖੁਫੀਆ ਏਜੰਸੀ (ਡੀ ਆਈ ਏ) ਨੇ ਰਾਸ਼ਟਰਪਤੀ ਜੋ ਬਾਇਡੇਨ ਦੀ ਸਰਕਾਰ ਨੂੰ ਸੌਂਪੀ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਹੈ। ਇਸ ਰਿਪੋਰਟ ਦੇ ਬਾਹਰ ਆਉਂਦੇ ਸਾਰ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਅਜੇ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮਦੀ ਪਰਖਉੱਤੇ ਰੋਕ ਲਾ ਰਿਹਾ ਹੈ। ਉਹ ਖੁਦ ਅਜਿਹਾ ਕੋਈ ਕਦਮ ਨਹੀਂ ਚੁੱਕੇਗਾ ਤਾਂ ਜੋ ਬਾਕੀ ਦੇਸ਼ ਵੀ ਇਸੇ ਤਰ੍ਹਾਂ ਕਰਨ।

ਵਰਨਣ ਯੋਗ ਹੈ ਕਿ ਅਮਰੀਕਾ ਅੱਜ ਤੱਕ ਰੂਸ ਅਤੇ ਚੀਨ ਦੇ ਤਜ਼ਰਬਿਆਂ ਦੀ ਆਲੋ ਚਨਾ ਕਰਦਾ ਰਿਹਾ ਹੈ। ਉਂਜ ਅਮਰੀਕਾ ਦਾ ਨੇਵੀ ਜੰਗੀ ਬੇੜਾ 14 ਸਾਲ ਪਹਿਲਾਂ ਇੱਕ ਖੁਫੀਆ ਸੈਟੇਲਾਈਟ ਨੂੰ ਤਬਾਹ ਕਰਨ ਦੇ ਲਈ ਇੰਟਰਸੈਪਟਰ ਮਿਜ਼ਾਈਲ ਰਾਹੀਂ ਨਿਸ਼ਾਨਾ ਲਾ ਚੁੱਕਾ ਹੈ। ਇਹ ਮੁੱਦਾ ਉਦੋਂ ਜ਼ੋਰ ਫੜ ਗਿਆ ਸੀ, ਜਦੋਂ ਸੋਵੀਅਤ ਯੁੱਗ ਦੇ ਇੱਕ ਖਰਾਬ ਪਏ ਸੈਟੇਲਾਈਟ ਨੂੰ ਪਿਛਲੇ ਸਾਲ ਨਵੰਬਰ ਵਿੱਚ ਰੂਸ ਨੇ ਮਿਜ਼ਾਈਲ ਦਾਗ ਕੇ ਤਬਾਹ ਕੀਤਾ ਸੀ।

ਤਾਜ਼ਾ ਸਥਿਤੀ ਇਹ ਹੈ ਕਿ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕੈਲੀਫੋਰਨੀਆ ਦੇ ਵੈਨਡੇਨਬਰਗ ਸਪੇਸਫੋਰਸ ਬੇਸ ਵਿੱਚ ਇਸ ਨਵੇਂ ਫੈਸਲੇ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਪੁਲਾੜ ਦੀ ਕਿਸੇ ਵਸਤੂ ਉੱਤੇ ਸਿੱਧਾ ਨਿਸ਼ਾਨਾ ਲਗਾਉਣ ਵਾਲੇ ਏ ਐਸ ਟੀ ਮਿਜ਼ਾਈਲ ਤਜ਼ਰਬੇ ਉੱਤੇ ਰੋਕ ਲਾਉਣ ਦੇ ਕਾਰਨ ਸਪੱਸ਼ਟ ਕਰਦਿਆਂ ਕਿਹਾ ਕਿ ਇਸ ਨਾਲ ਪੁਲਾੜ ਦੇ ਮਲਬੇ ਵਿੱਚ ਵਾਧਾ ਨਹੀਂ ਹੋਵੇਗਾ,ਪਰ ਸਮਝਿਆ ਜਾਂਦਾ ਹੈ ਕਿ ਚੀਨ ਦੇ ਡਰੋਂ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮ ਦੇ ਤਜ਼ਰਬੇ ਉੱਤੇਅਮਰੀਕਾ ਨੇ ਰੋਕ ਲਾਈ ਹੈ, ਤਾਂ ਜੋ ਉਸ ਦੇ ਦੁਸ਼ਮਣ ਦੇਸ਼ ਚੀਨ ਨੂੰ ਉਸ ਉੱਤੇ ਪੁਲਾੜ ਵਿੱਚ ਵਾਰ ਕਰਨ ਦਾ ਕੋਈ ਮੌਕਾ ਨਾ ਮਿਲੇ।

# ਪਾਕਿਸਤਾਨ ਨੇ ਅਫ਼ਗਾਨਿਸਤਾਨ ਦੀ ਮਦਦ ਲਈ ਭਾਰਤੀ ਟਰਾਂਸਪੋਰਟ ਸਹੂਲਤ ਦੀ ਮਿਆਦ ਵਧਾਈ

ਇਸਲਾਮਾਬਾਦ, 21 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਅਫ਼ਗਾਨਿਸਤਾਨ ਨੂੰ ਮਨੁੱਖੀ ਮਦਦ ਭੇਜਣ ਦੇ ਲਈ ਆਵਾਜਾਈ ਸਹੂਲਤ ਦੀ ਮਿਆਦ ਵਧਾਉਣ ਦੀ ਭਾਰਤ ਦੀ ਬੇਨਤੀ ਮੰਨ ਲਈ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ ਅਫ਼ਗਾਨਿਸਤਾਨ ਵਿੱਚ ਮਨੁੱਖੀ ਸੰਕਟ ਦੇ ਹੱਲ ਵਿੱਚ ਭਾਰਤ ਦੀ ਮਦਦ ਲਈ ਟਰਾਂਸਪੋਟ ਸਹੂਲਤ ਦੀ ਮਿਆਦ ਦੋ ਮਹੀਨੇ ਵਧਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਸਮਾਂ ਬੀਤੀ 21 ਮਾਰਚ ਨੂੰ ਖ਼ਤਮ ਹੋ ਗਿਆ ਸੀ। ਪਿਛਲੇ ਸਾਲ ਨਵੰਬਰ ਵਿੱਚ ਪਾਕਿਸਤਾਨ ਨੇ ਭਾਰਤ ਤੋਂ ਅਫ਼ਗਾਨਿਸਤਾਨ ਤੱਕ 50,000 ਟਨ ਕਣਕ ਅਤੇ ਜੀਵਨ ਰੱਖਿਅਕ ਦਵਾਈਆਂ ਦੀ ਢੋਆ-ਢੁਆਈ ਦਾ ਰਾਹ ਦੇਣਾ ਮੰਨਿਆ ਸੀ।ਭਾਰਤ ਨੇ ਅਫ਼ਗਾਨਿਸਤਾਨ ਨੂੰ ਕਣਕ ਸਪਲਾਈ ਬਾਰੇ ਵਿਸ਼ਵ ਖ਼ੁਰਾਕ ਪ੍ਰੋਗਰਾਮ (ਡਬਲਯੂ ਐਫ਼ ਪੀ) ਨਾਲ ਸਮਝੌਤਾ ਕੀਤਾ ਹੈ। ਭਾਰਤ ਵੱਲੋਂ ਦਿੱਤੀ ਕਣਕ ਤੋਂ ਅਫ਼ਗਾਨਿਸਤਾਨ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦ ਮਿਲਣ ਦੀ ਆਸ ਹੈ। ਅੰਤਰਰਾਸ਼ਟਰੀ ਸਹਾਇਤਾ ਏਜੰਸੀਆਂ ਅਨੁਸਾਰ ਲੱਗਭਗ 2.3 ਕਰੋੜ ਅਫ਼ਗਾਨੀਆਂ ਨੂੰ ਸਹਾਇਤਾ ਦੀ ਤੁਰੰਤ ਲੋੜ ਹੈ। ਅਫ਼ਗਾਨਿਸਤਾਨ ਪਿਛਲੇ 15 ਅਗਸਤ ਤੋਂ ਤਾਲਿਬਾਨ ਦੇ ਅਧੀਨ ਹੈ, ਜਦੋਂ ਅਫ਼ਗਾਨ ਕੱਟੜਪੰਥੀਆਂ ਨੇ ਰਾਸ਼ਟਰਪਤੀ ਅਸ਼ਰਫ਼ ਗਨੀ ਦੀ ਚੁਣੀ ਹੋਈ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਅਤੇ ਉਸ ਨੂੰ ਦੇਸ਼ ਛੱਡ ਕੇ ਸੰਯੁਕਤ ਅਰਬ ਅਮੀਰਾਤ ਵਿੱਚ ਸ਼ਰਨ ਲੈਣ ਲਈ ਮਜ਼ਬੂਰ ਕਰ ਦਿੱਤਾ ਸੀ।

# ਸਵੀਡਨ ਵਿੱਚ ਪਵਿੱਤਰ ਕੁਰਾਨ ਨੂੰ ਸਾੜਨ ਤੋਂ ਦੰਗੇ ਭੜਕੇ

ਸਟਾਕਹੋਮ, 21 ਅਪ੍ਰੈਲ (ਪੋਸਟ ਬਿਊਰੋ)- ਕੁਰਾਨ ਨੂੰ ਸਾੜਨ ਨੂੰ ਲੈ ਕੇ ਸਵੀਡਨ ਦੇ ਕਈ ਸ਼ਹਿਰਾਂ ਵਿੱਚ ਚੌਥੇ ਦਿਨ ਵੀ ਹਿੰਸਕ ਝੜਪਾਂ ਹੁੰਦੀਆਂ ਰਹੀਆਂ। ਸਵੀਡਨ ਦੇ ਓਰੇਬਰੋ ਸ਼ਹਿਰ ਵਿੱਚ ਇੱਕ ਸੱਜੇ ਪੱਖੀ ਅਤੇ ਪ੍ਰਵਾਸੀ ਵਿਰੋਧੀ ਗਰੁੱਪ ਨੇ ਕੁਰਾਨ ਸਾੜਿਆ ਸੀ। ਮੀਡੀਆ ਮੁਤਾਬਕ ਪੂਰਬੀ ਸ਼ਹਿਰ ਨੋਰਕੋਪਿੰਗ ਵਿੱਚ ਪੁਲਸ ਨੇ ਦੰਗਾਕਾਰੀਆਂ ਨੂੰ ਚੇਤਾਵਨੀ ਦੇਣ ਲਈ ਗੋਲੀਬਾਰੀ ਕੀਤੀ, ਜਿਸ ਵਿੱਚ ਤਿੰਨ ਲੋਕ ਜ਼ਖ਼ਮੀ ਹੋ ਗਏ।



ਸਵੀਡਨ ਵਿੱਚ ਚੱਲ ਰਹੇ ਦੰਗਿਆਂ ਵਿੱਚ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ ਸੀ ਅਤੇ ਪੁਲਸ ਨੇ 17 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਦੱਖਣੀ ਸਵੀਡਿਸ਼ ਸ਼ਹਿਰ ਮਾਲਮੋ ਵਿੱਚ ਕੱਲ੍ਹ ਇੱਕ ਸੱਜੇ-ਪੱਖੀ ਗਰੁੱਪ ਵੱਲੋਂ ਰੈਲੀ ਵਿੱਚ ਇੱਕ ਬੱਸ ਸਮੇਤ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ। ਈਰਾਨ ਅਤੇ ਇਰਾਕ ਨੇ ਕੁਰਾਨ ਨੂੰ ਸਾੜਨ ਦਾ ਵਿਰੋਧ ਕੀਤਾ ਹੈ। ਦੋਵਾਂ ਦੇਸ਼ਾਂ ਨੇ ਸਵੀਡਨ ਦੇ ਰਾਜਦੂਤਾਂ ਨੂੰ ਦਫਤਰ ਵਿੱਚ ਤਲਬ ਕੀਤਾ ਸੀ। ਡੈਨਿਸ਼-ਸਵੀਡਿਸ਼ ਕੱਟੜਪੰਥੀ ਰਾਸਮੁਸ ਪਾਲੁਡਨ, ਜਿਹੜਾ ਸਟੋਰਮ ਕੁਰਸ ਪਾਰਟੀ ਚਲਾਉਂਦਾ ਹੈ, ਨੇ ਕਿਹਾ ਕਿ ਉਨ੍ਹਾਂ ਨੇ ਇਸਲਾਮ ਦੀ ਸਭ ਤੋਂ ਪਵਿੱਤਰ ਕਿਤਾਬ ਨੂੰ ਸਾੜ ਦਿੱਤਾ ਹੈ ਅਤੇ ਅੱਗੇ ਵੀ ਅਜਿਹਾ ਕਰਦੇ ਰਹਿਣਗੇ। ਪਤਾ ਲੱਗਾ ਹੈ ਕਿ ਸਟਾਕਹੋਮ, ਲਿੰਕੋਪਿੰਗ ਅਤੇ ਨੌਰਕੋਪਿੰਗ ਵਿੱਚ ਸੱਜੇ-ਪੱਖੀ ਗਰੁੱਪਾਂ ਨੇ ਪ੍ਰੋਗਰਾਮ ਦੀ ਯੋਜਨਾ ਬਣਾਈ ਸੀ। ਤਿੰਨ ਦਿਨ ਜਿੱਥੇ ਵੀ ਪ੍ਰੋਗਰਾਮ ਕੀਤੇ ਗਏ, ਹਿੰਸਾ ਭੜਕ ਗਈ, ਜਿਸ ਵਿੱਚ 16 ਪੁਲਸ ਅਧਿਕਾਰੀ ਜ਼ਖ਼ਮੀ ਹੋਏ ਤੇ ਪੁਲਸ ਦੀਆਂ ਕਈ ਗੱਡੀਆਂ ਨੂੰ ਵੀ ਨੁਕਸਾਨ ਪੁੱਜਾ ਹੈ।

**ਇਮਰਾਨ ਦੀਆਂ ਮੁਸ਼ਕਲਾਂ ਵਧੀਆਂ**

# ਵਿਦੇਸ਼ੀ ਫੰਡਿੰਗ ਕੇਸ ਦੀਈ ਸੀ ਪੀ ਵੱਲੋਂ ਰੋਜ਼ਾਨਾ ਸੁਣਵਾਈ ਸ਼ੁਰੂ

ਇਸਲਾਮਾਬਾਦ, 21 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟ ਵਿੱਚ ਪਾਸ ਕੀਤੇ ਬੇਭਰੋਸਗੀ ਮਤੇ ਰਾਹੀਂ ਸੱਤਾਤੋਂ ਲਾਂਭੇ ਕੀਤੇ ਗਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸ਼ਕਲਾਂ ਵੱਧਦੀਆਂ ਜਾਪਦਆਂ ਹਨ। ਪਾਕਿਸਤਾਨ ਚੋਣ ਕਮਿਸ਼ਨ (ਈ ਸੀ ਪੀ) ਨੇ ਕੱਲ੍ਹ ਉਨ੍ਹਾਂ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨਾਲ ਜੁੜੇ ਵਿਦੇਸ਼ੀ ਫੰਡਿੰਗ ਕੇਸ ਦੇ ਬਾਰੇ ਰੋਜ਼ਾਨਾ ਸੁਣਵਾਈ ਸ਼ੁਰੂ ਕਰ ਦਿੱਤੀ ਹੈ।

ਅਖਬਾਰ ਡਾਨ ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਹਾਈ ਕੋਰਟ ਨੇ ਬੀਤੇ ਵੀਰਵਾਰ ਈ ਸੀ ਪੀ ਨੂੰ ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਨਾਲ ਜੁੜੇ ਵਿਦੇਸ਼ੀ ਫੰਡਿੰਗ ਕੇਸ ਦੀ ਸੁਣਵਾਈ ਇੱਕ ਮਹੀਨੇ ਅੰਦਰ ਪੂਰੀ ਕਰਕੇ ਫੈਸਲਾ ਸੁਣਾਉਣ ਦਾ ਹੁਕਮ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਪੀ ਟੀ ਆਈ ਨੇ ਪਾਬੰਦੀਸ਼ੁਦਾ ਸਰੋਤਾਂ ਤੋਂ ਚੰਦਾ ਲਿਆ ਹੋਵੇ ਤਾਂ ਉਸ ਦੇ ਮੁਖੀ ਇਮਰਾਨ ਖਾਨ ਸਮੇਤ ਪਾਰਟੀ ਦੇ ਦਰਜੇ ਉੱਤੇ ਪ੍ਰਭਾਵ ਪੈ ਸਕਦਾ ਹੈ। ਹਾਈ ਕੋਰਟ ਨੇ ਇਹ ਫੈਸਲਾ ਪੀ ਟੀ ਆਈ ਦੀ ਇੱਕ ਪਟੀਸ਼ਨ ਰੱਦ ਕਰ ਕੇ ਦਿੱਤਾ ਸੀ। ਇਸ ਵਿੱਚ ਪਾਰਟੀ ਨੇ ਚੋਣ ਕਮਿਸ਼ਨ ਵੱਲੋਂ ਵਿਦੇਸ਼ੀ ਫੰਡਿੰਗ ਦੇ ਮਾਮਲੇ ਨੂੰ ਬੰਦ ਕਰਨ ਬਾਰੇ ਦੋ ਪਟੀਸ਼ਨਾਂ ਨੂੰ ਰੱਦ ਕਰਨ ਨੂੰ ਚੁਣੌਤੀ ਦਿੱਤੀ ਸੀ। ਵਿਦੇਸ਼ੀ ਫੰਡਿੰਗ ਦਾ ਕੇਸ 14 ਨਵੰਬਰ 2014 ਤੋਂ ਪੈਂਡਿੰਗ ਹੈ। ਇਸ ਮੌਕੇ ਸੱਤਾ ਸੰਭਾਲ ਚੁੱਕੀ ਪਾਰਟੀ ਪੀ ਐਮ ਐਲ -ਐਨ ਨੇ ਦੋਸ਼ ਲਾਇਆ ਹੈ ਕਿ ਇਮਰਾਨ ਨੇ ਪੀ ਟੀ ਆਈ ਨੇ ਸਾਲ 2008-13ਦੌਰਾਨ ਪਾਕਿਸਤਾਨ ਅਤੇ ਦੂਜੇ ਦੇਸ਼ਾਂ ਤੋਂ ਮਿਲੇ ਕਰੀਬ 31 ਕਰੋੜ ਪਾਕਿਸਤਾਨੀ ਰੁਪਏ ਦੇ ਚੰਦੇ ਨੂੰ ਲੁਕਾਇਆ ਹੈ। ਉਸ ਨੇ ਕਿਹਾ ਕਿ ਇਮਰਾਨ ਦੇ'ਚੋਰ' ਕਹਿਣ ਦੇ ਪਿੱਛੇ ਦੀਸੱਚਾਈ ਜਨਤਕ ਹੋ ਚੁੱਕੀ ਹੈ। ਪੀ ਐਮ ਐਲ-ਐਨ ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਕਿਹਾ ਕਿ ਇਮਰਾਨ ਨਹੀਂ ਚਾਹੁੰਦੇ ਕਿ ਵਿਦੇਸ਼ੀ ਫੰਡਿੰਗ ਦੇ ਕੇਸ ਦਾ ਮਹੀਨੇ ਅੰਦਰ ਫੈਸਲੇ ਹੋਵੇ।ਓਧਰ ਅਖਬਾਰ ਅਲ ਅਰਬੀਆ ਨੇ ਆਪਣੀ ਰਿਪੋਰਟ ਵਿੱਚ ਕਿਹਾ, ਪਾਕਿਸਤਾਨੀ ਫੌਜ ਦੀ ਮੀਡੀਆ ਯੂਨਿਟ ਆਈ ਐਸ ਪੀ ਆਰ ਦੇ ਡਾਇਰੈਕਟਰ ਜਨਰਲ ਮੇਜਰ ਬਾਬਰ ਇਫਤਿਖਾਰ ਨੇ ਇਮਰਾਨ ਖਾਨ ਨੂੰ ਅਪੀਲ ਕੀਤੀ ਹੈ ਕਿ ਉਹ ਜਨਤਾ ਵਿੱਚ 'ਵਿਦੇਸ਼ੀ ਸਾਜ਼ਿਸ਼' ਦੀ ਗੱਲ ਨੂੰ ਦੁਹਰਾਉਣਾ ਬੰਦ ਕਰ ਦੇਣ।

# ਕਾਬੁਲ ਵਿੱਚ ਸਕੂਲਾਂ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕੇ, 27 ਮੌਤਾਂ



ਕਾਬੁਲ, 21 ਅਪ੍ਰੈਲ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਲੜੀਵਾਰ ਧਮਾਕਿਆਂ ਨਾਲ ਇੱਕ ਸਕੂਲ ਵਿੱਚ ਵਿਦਿਆਰਥੀਆਂ ਸਮੇਤ 27 ਲੋਕਾਂ ਮਾਰੇ ਗਏ ਅਤੇ ਦਰਜਨਾਂ ਗੰਭੀਰ ਜ਼ਖ਼ਮੀ ਹੋਏ ਹਨ।

ਸਥਾਨਕ ਮੀਡੀਆ ਮੁਤਾਬਕ ਇਨ੍ਹਾਂ ਧਮਾਕਿਆਂ ਦੇ ਨਾਲ 25 ਸਕੂਲੀ ਵਿਦਿਆਰਥੀਆਂ ਦੀ ਮੌਤ ਹੋਈ ਹੈ। ਧਮਾਕੇ ਵਾਲੇ ਥਾਂ ਉੱਤੇ ਕਈ ਮ੍ਰਿਤਕ ਤੇ ਜ਼ਖ਼ਮੀ ਵਿਦਿਆਰਥੀਆਂ ਦੀਆਂ ਕਾਪੀਆਂ, ਕਿਤਾਬਾਂ, ਰੋਟੀ ਦੇ ਡੱਬੇ ਅਤੇ ਜੁੱਤੇ ਖਿੱਲਰੇ ਪਏ ਸਨ। ਦੱਸਿਆ ਗਿਆ ਹੈ ਕਿ ਇਹ ਧਮਾਕੇ ਰਾਜਧਾਨੀ ਕਾਬੁਲ ਵਿਚਲੇ ਜ਼ਿਲ੍ਹਾ ਦਸ਼ਤ-ਏ-ਬਰਚੀ ਦੇ ਅਬਦੁਲ ਰਹੀਮ ਸ਼ਹੀਦ ਹਾਈ ਸਕੂਲ ਨੇੜੇ ਮੁਮਤਾਜ਼ ਐਜੂਕੇਸ਼ਨ ਸੈਂਟਰ ਵਿੱਚ ਹੋਏ ਸਨ। ਕਾਬੁਲ ਪੁਲਸ ਦੇ ਬੁਲਾਰੇ ਅਨੁਸਾਰ ਧਮਾਕਿਆਂ ਵਿੱਚ ਜ਼ਖ਼ਮੀਆਂ ਹੋਏ ਲੋਕਾਂ ਵਿੱਚ ਕਈਆਂ ਦੀ ਹਾਲਤ ਚਿੰਤਾਜਨਕ ਹੈ, ਜਿਸ ਕਾਰਨ ਅਜੇ ਹੋਰ ਲੋਕਾਂ ਦੇ ਮਾਰੇ ਜਾਣ ਦਾ ਡਰ ਹੈ। ਇਹ ਤਿੰਨੋਂ ਧਮਾਕੇ 20 ਤੋਂ 25 ਮਿੰਟ ਦੇ ਫ਼ਰਕ ਨਾਲ ਹੋਏ।

**ਸ਼੍ਰੀਲੰਕਨ ਨੂੰ ਕੁੱਟ-ਕੁੱਟ ਕੇ ਮਾਰਨ ਦਾ ਕੇਸ:**

# ਪਾਕਿ ਅਦਾਲਤ ਨੇ ਪੰਜ ਮਹੀਨਿਆਂ ਵਿੱਚ ਫ਼ੈਸਲਾ ਸੁਣਾਇਆ

ਲਾਹੌਰ, 21 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੀ ਇੱਕ ਅਤਿਵਾਦ ਰੋਕੂ ਅਦਾਲਤ ਨੇ ਇਸਲਾਮ ਦੀ ਤੌਹੀਨ ਦੇ ਦੋਸ਼ ਵਿੱਚ ਸ਼੍ਰੀਲੰਕਾ ਦੇ ਨਾਗਰਿਕ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੇ ਦੋਸ਼ ਵਿੱਚ ਛੇ ਜਣਿਆਂ ਨੂੰ ਮੌਤ ਦੀ ਸਜ਼ਾ ਅਤੇ ਸੱਤ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਅਦਾਲਤ ਨੇ ਬਾਕੀ 67 ਹੋਰ ਸ਼ੱਕੀਆਂ ਨੂੰ 2-2 ਸਾਲ ਦੀ ਸਜ਼ਾ ਸੁਣਾਈ ਹੈ। ਲਾਹੌਰ ਦੀ ਉਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ ਅੰਦਰ ਬੰਦ ਕਮਰੇ ਵਿੱਚ ਰੋਜ਼ਾਨਾ ਆਧਾਰ ਉੱਤੇ ਸੁਣਵਾਈ ਕਰਨ ਵਾਲੀ ਜੱਜ ਨਤਾਸ਼ਾ ਨਸੀਮ ਨੇ ਸ਼ੱਕੀਆਂ ਦੀ ਮੌਜੂਦਗੀ ਵਿੱਚ ਫ਼ੈਸਲਾ ਸੁਣਾਇਆ। ਜੱਜ ਨੇ 9 ਨਾਬਾਲਗ ਸ਼ੱਕੀਆਂ ਬਾਰੇ ਫ਼ੈਸਲਾ ਨਹੀਂ ਸੁਣਾਇਆ, ਜਿਨ੍ਹਾਂ ਵਿਰੁੱਧ ਸੁਣਵਾਈ ਹੋਣੀ ਅਜੇ ਬਾਕੀ ਹੈ।



ਕੱਟੜਪੰਥੀ ਇਸਲਾਮੀ ਪਾਰਟੀ ਤਹਿਰੀਕ-ਏ-ਲਬੈਕ ਪਾਕਿਸਤਾਨ 800 ਤੋਂ ਵੱਧ ਲੋਕਾਂ ਦੀ ਭੀੜ ਨੇ ਪੰਜਾਬ ਰਾਜ ਦੀ ਰਾਜਧਾਨੀ ਲਾਹੌਰ ਤੋਂ ਲੱਗਭਗ 100 ਕਿਲੋਮੀਟਰ ਦੂਰ ਸਿਆਲਕੋਟ ਵਿੱਚ ਇੱਕ ਕੱਪੜਾ ਫੈਕਟਰੀ ਉਤੇ ਹਮਲਾ ਕੀਤਾ ਅਤੇ ਫੈਕਟਰੀ ਦੇ 47 ਸਾਲਾ ਜਨਰਲ ਮੈਨੇਜਰ ਪਿਅੰਤਾ ਕੁਮਾਰਾ ਨੂੰ ਇਸਲਾਮ ਦੀ ਤੌਹੀਨ ਦੇ ਦੋਸ਼ ਵਿੱਚ ਕੁੱਟਮਾਰ ਕਰਕੇ ਮਾਰ ਦਿੱਤਾ ਸੀ ਅਤੇ ਉਸ ਦੀ ਲਾਸ਼ ਸਾੜ ਦਿੱਤੀ ਸੀ। ਇਸ ਘਟਨਾ ਬਾਰੇ ਪੂਰੇ ਪਾਕਿਸਤਾਨ ਵਿੱਚ ਸਿਆਸਤਦਾਨਾਂ, ਵਿਦਵਾਨਾਂ ਅਤੇ ਸਿਵਲ ਸੁਸਾਈਟੀ ਦੇ ਮੈਂਬਰਾਂ ਵੱਲੋਂ ਵਿਆਪਕ ਰੋਸ ਪ੍ਰਗਟਾਇਆ ਗਿਆ ਸੀ।

# ਬਾਇਡਨ ਪ੍ਰਸ਼ਾਸਨ ਵੱਲੋਂ ਇਨਫਰਾਸਟ੍ਰਕਚਰ ਲਈ ਅਮਰੀਕਾ ਵਿੱਚ ਹੀ ਤਿਆਰ ਸਟੀਲ ਤੇ ਲੋਹਾ ਵਰਤਣ ਦੇ ਹੁਕਮ

ਵਾਸ਼ਿੰਗਟਨ, 21 ਅਪਰੈਲ (ਪੋਸਟ ਬਿਊਰੋ) : ਬਾਇਡਨ ਪ੍ਰਸ਼ਾਸਨ ਵੱਲੋਂ ਇੱਕ ਇੱਕ ਡਾਲਰ ਅਮਰੀਕਾ ਦੇ ਨਿਰਮਾਣ ਵਿੱਚ ਲਾਉਣਾ ਯਕੀਨੀ ਬਣਾਉਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਆਖਿਆ ਕਿ ਇਨਫਰਾਸਟ੍ਰਕਚਰ ਪੈਕੇਜ ਲਈ ਖਰਚ ਕੀਤੇ ਜਾਣ ਵਾਲੇ 1 ਟ੍ਰਿਲੀਅਨ ਡਾਲਰ ਨਾਲ ਉਸਾਰੀ ਸਬੰਧੀ ਮਟੀਰੀਅਲ ਦੇਸ਼ ਤੋਂ ਲੈਣਾ ਹੀ ਯਕੀਨੀ ਬਣਾਇਆ ਜਾਵੇਗਾ।




ਪ੍ਰਸ਼ਾਸਨਕ ਅਧਿਕਾਰੀਆਂ ਅਨੁਸਾਰ ਸੋਮਵਾਰ ਨੂੰ ਇਸ ਸਬੰਧੀ ਨਿਰਦੇਸ਼ ਜਾਰੀ ਕੀਤੇ ਗਏ ਕਿ ਭਾਵੇਂ ਕੋਈ ਪੁਲ ਬਣਾਉਣਾ ਹੋਵੇ, ਕੋਈ ਹਾਈਵੇਅ ਦੀ ਉਸਾਰੀ ਹੋਵੇ ਜਾਂ ਪਾਣੀ ਵਾਲੀ ਪਾਈਪ ਜਾਂ ਬ੍ਰੌਡਬੈਂਡ ਇੰਟਰਨੈੱਟ ਲਈ ਤਾਰਾਂ ਵਿਛਾਉਣੀਆਂ ਹੋਣ, ਉਨ੍ਹਾਂ ਦਾ ਅਮਰੀਕਾ ਵਿੱਚ ਤਿਆਰ ਹੋਣਾ ਜ਼ਰੂਰੀ ਹੋਵੇਗਾ। ਜੇ ਕਿਸੇ ਸਮਾਨ ਦੇ ਘਰੇਲੂ ਨਿਰਮਾਤਾਵਾਂ ਦੀ ਘਾਟ ਪਾਈ ਜਾਂਦੀ ਹੈ ਜਾਂ ਮਟੀਰੀਅਲ ਦੀ ਕੀਮਤ ਕਾਫੀ ਜ਼ਿਆਦਾ ਹੈ ਤਾਂ ਅਮਰੀਕੀ ਨਿਰਮਾਤਾਵਾਂ ਦੀ ਸਮਰੱਥਾ ਵਧਾਉਣ ਲਈ ਕੁੱਝ ਛੋਟਾਂ ਵੀ ਦਿੱਤੀਆਂ ਜਾਣਗੀਆਂ।

ਮੈਨੇਜਮੈਂਟ ਐਂਡ ਬਜਟ ਵਿੱਚ ਮੇਡ ਇਨ ਅਮੈਰਿਕਾ ਦੇ ਡਾਇਰੈਕਟਰ ਸੈਲੈਸਤੇ ਡਰੇਕ ਨੇ ਆਖਿਆ ਕਿ ਮੈਨੂਫੈਕਚਰਿੰਗ ਸੈਕਟਰ ਵਿੱਚ ਚੰਗੀਆਂ ਨੌਕਰੀਆਂ ਲਈ ਵਾਧੂ ਮੌਕੇ ਵੀ ਦਿੱਤੇ ਜਾਣਗੇ। ਬਾਇਡਨ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਸ ਨਾਲ ਵਧੇਰੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਸਪਲਾਈ ਚੇਨ ਉੱਤੇ ਪੈਣ ਵਾਲੇ ਬੋਝ ਨੂੰ ਘਟਾਇਆ ਜਾ ਸਕੇਗਾ ਤੇ ਚੀਨ ਜਾਂ ਹੋਰਨਾਂ ਦੇਸ਼ਾਂ ਉੱਤੇ ਨਿਰਭਰਤਾ ਘਟੇਗੀ।

# ਕੈਲਡਰ ਸਟੋਨ ਸੀਨੀਅਰ ਕਲੱਬ ਬਰੈਂਪਟਨ ਵਲੋਂ ਖਾਲਸਾ ਸਾਜਨਾ ਦਿਵਸ ਤਸਵੀਰਾਂ ਦੀ ਜ਼ੁਬਾਨੀ

ਬਰੈਂਪਟਨ, 21 ਅਪ੍ਰੈਲ (ਪੋਸਟ ਬਿਊਰੋ)- ਕੈਲਡਰ ਸਟੋਨ ਕਲੱਬ ਵਲੋਂ 2022 ਦੀਆਂ ਆਪਣੀਆਂ ਸਰਗਰਮੀਆਂ ਦੀ ਸ਼ੁਰੂਆਤ ਖਾਲਸਾ ਸਾਜਨਾ ਦਿਵਸ ਨੂੰ ਮਨਾਉਂਦਿਆਂ ਕੀਤੀ ਗਈ। ਡਾ.ਸੋਹਨ ਸਿੰਘ, ਰੇਸ਼ਮ ਸਿੰਘ ਦੋਸਾਂਝ ਅਤੇ ਬਾਕੀ ਮੈਂਬਰਾਂ ਦੇ ਸਹਿਯੋਗ ਨਾਲ ਗੋਰ ਮੈਡੋ ਕਮਿਉਨਿਟੀ ਸੈਂਟਰ ਵਿਖੇ ਵੱਡਾ ਇਕੱਠ ਕੀਤਾ ਗਿਆ। ਜਿੱਥੇ ਬਹੁਤ ਸਾਰੇ ਮਹਿਮਾਨਾਂ ਨੇ ਸ਼ਿਰਕਤ ਕੀਤੀ। ਆਏ ਹੋਏ ਮਹਿਮਾਨਾਂ ਨੂੰ ਜਿੱਥੇ ਵਧੀਆ ਚਾਹ ਪਾਣੀ ਦੇ ਨਾਲ ਜੀ ਆਇਆਂ ਨੂੰ ਆਖਿਆ ਗਿਆ, ਉਥੇ ਹੀ ਉਨ੍ਹਾਂ ਨੂੰ ਕੈਲਡਰ ਸਟੋਨ ਸੀਨੀਅਰ ਕਲੱਬ ਦੀ ਜਾਣ ਪਹਿਚਾਣ ਵੀ ਕਰਵਾਈ ਗਈ।







# ਮੇਅਰ ਟੋਰੀ ਤੇ ਫੋਰਡ ਸਮੇਤ 61 ਕੈਨੇਡੀਅਨਾਂ ਦੇ ਰੂਸ ਵਿੱਚ ਦਾਖਲ ਹੋਣ ਉੱਤੇ ਲੱਗੀ ਪਾਬੰਦੀ

ਟੋਰਾਂਟੋ, 21 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਜੌਹਨ ਟੋਰੀ ਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਉਨ੍ਹਾਂ 61 ਕੈਨੇਡੀਅਨਜ਼ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਦੇ ਰੂਸ ਦਾਖਲ ਹੋਣ ਉੱਤੇ ਅਣਮਿੱਥੇ ਸਮੇਂ ਲਈ ਪਾਬੰਦੀ ਲਗਾ ਦਿੱਤੀ ਗਈ ਹੈ।



ਰੂਸ ਦੇ ਵਿਦੇਸ਼ ਮੰਤਰਾਲੇ ਵੱਲੋਂ ਲਾਈਆਂ ਗਈਆਂ ਨਵੀਆਂ ਪਾਬੰਦੀਆਂ ਸਿਰਫ ਫੈਡਰਲ ਸਰਕਾਰ ਦੇ ਅਧਿਕਾਰੀਆਂ ਉੱਤੇ ਹੀ ਲਾਗੂ ਨਹੀਂ ਹੁੰਦੀਆਂ ਸਗੋਂ ਕਈ ਪ੍ਰੀਮੀਅਰਜ਼ ਤੇ ਫੌਜ ਦੇ ਮਾਹਿਰਾਂ ਤੇ ਕੈਨੇਡਾ ਦੇ ਪੱਤਰਕਾਰਾਂ ਉੱਤੇ ਵੀ ਲਾਗੂ ਹੁੰਦੀਆਂ ਹਨ। ਇਹ ਪਾਬੰਦੀਆਂ ਉਨ੍ਹਾਂ ਉੱਤੇ ਲਾਈਆਂ ਗਈਆਂ ਹਨ ਜਿਨ੍ਹਾਂ ਨੇ ਕਿਸੇ ਵੀ ਤਰ੍ਹਾਂ ਰੂਸ ਖਿਲਾਫ ਸਿੱਧੇ ਤੌਰ ਉੱਤੇ ਕੁੱਝ ਕਿਹਾ, ਲਿਖਿਆ ਜਾਂ ਫਿਰ ਬਿਆਨਿਆ ਹੋਵੇ।

ਫੋਰਡ ਦੇ ਨਾਲ ਪ੍ਰੀਮੀਅਰਜ਼ ਦੀ ਇਸ ਸੂਚੀ ਵਿੱਚ ਸਸਕੈਚਵਨ, ਮੈਨੀਟੋਬਾ, ਅਲਬਰਟਾ ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਓਟਵਾ ਦੇ ਮੇਅਰ ਜਿੰਮ ਵਾਟਸਨ ਦਾ ਨਾਂ ਵੀ ਪਾਬੰਦੀਆਂ ਵਾਲੀ ਇਸ ਸੂਚੀ ਵਿੱਚ ਸ਼ਾਮਲ ਹੈ।ਇਨ੍ਹਾਂ ਤੋਂ ਇਲਾਵਾ ਰੂਸ ਵੱਲੋਂ ਸੈਂਟਰਲ ਬੈਂਕ ਦੇ ਗਵਰਨਰ ਟਿੱਫ ਮੈਕਲਮ, ਸੰਯੁਕਤ ਰਾਸ਼ਟਰ ਵਿੱਚ ਕੈਨੇਡਾ ਦੇ ਨੁਮਾਇੰਦੇ ਬੌਬ ਰੇਅ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਚੀਫ ਆਫ ਸਟਾਫ ਕੇਟੀ ਟੈਲਫੋਰਡ ਉੱਤੇ ਵੀ ਪਾਬੰਦੀਆਂ ਲਾਈਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਕੈਨੇਡਾ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀਆਂ ਦੋ ਧੀਆਂ ਸਮੇਤ ਉਨ੍ਹਾਂ ਦੇ 14 ਹੋਰ ਰੂਸੀ ਵਿਅਕਤੀਆਂ ਉੱਤੇ ਪਾਬੰਦੀਆਂ ਲਾ ਦਿੱਤੀਆਂ ਸਨ। ਫਰਵਰੀ ਤੋਂ ਲੈ ਕੇ ਹੁਣ ਤੱਕ ਫੈਡਰਲ ਸਰਕਾਰ ਰੂਸ ਤੇ ਬੇਲਾਰੂਸ ਦੇ 750 ਵਿਅਕਤੀਆਂ ਤੇ ਵਸਤਾਂ ਉੱਤੇ ਪਾਬੰਦੀਆ ਲਾ ਚੁੱਕੀ ਹੈ।

## ਕੈਮਿਸਟ ਦੇ ਘਰੋਂ 29,370 ਨਸ਼ੀਲੀਆਂ ਗੋਲੀਆਂਤੇ ਡਰੱਗ ਮਨੀ ਫੜੀ ਗਈ

ਜਗਰਾਓਂ, 21 ਅਪ੍ਰੈਲ (ਪੋਸਟ ਬਿਊਰੋ)- ਪੁਲਸ ਨੇ ਪਿੰਡ ਢੋਲਣਦੇ ਪਰਮਿੰਦਰ ਸਿੰਘਦੇ ਘਰ ਵਿਚ ਬਣੇ ਸਟੋਰ ਵਿੱਚੋਂ 29,370 ਨਸ਼ੀਲੀਆਂ ਗੋਲੀਆਂ, 35 ਸ਼ੀਸ਼ੀਆਂ ਸਿਰਪ ਦੇ ਨਾਲ-ਨਾਲ ਸਟੋਰ ਵਿਚ ਪਈ ਅਲਮਾਰੀ ਵਿੱਚੋਂ 1.65 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਡੀ ਐਸ ਪੀ (ਡੀ) ਨੇ ਦੱਸਿਆ ਕਿ ਦੋਸ਼ੀ ਪਰਮਿੰਦਰ ਸਿੰਘ ਉਰਫ ਭਿੰਦਾ ਪਿਛਲੇ ਕਰੀਬ ਤੀਹ ਕੁ ਸਾਲਾਂ ਤੋਂ ਮੈਡੀਕਲ ਸਟੋਰ ਚਲਾ ਰਿਹਾ ਹੈ। ਇਸ ਨੇ ਆਪਣੇ ਘਰਹੈਪੀ ਮੈਡੀਕਲ ਸਟੋਰ ਦੇ ਨਾਂਅਦਾ ਆਪਣਾ ਮੈਡੀਕਲ ਸਟੋਰ ਖੋਲ੍ਹਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਤੋਂ ਨਸ਼ੀਲੀਆਂ ਗੋਲੀਆਂ ਖਾਣ ਦੇ ਆਦੀ ਲੋਕਾਂ ਦੇ ਇਲਾਵਾ ਆਸਪਾਸ ਦੇ ਪਿੰਡਾਂ ਦੇ ਦੁਕਾਨਦਾਰ ਵੀ ਨਸ਼ੀਲੀਆਂ ਦਵਾਈਆਂ ਖਰੀਦਣ ਉਸ ਦੇ ਘਰ ਆਉਂਦੇ ਸਨ। ਉਨ੍ਹਾਂ ਨੇ ਦੱਸਿਆ ਕਿ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕਰ ਕੇ ਚਾਰ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਜਾਅਲੀ ਦਸਤਾਵੇਜ਼ਾਂ ਉੱਤੇ ਜ਼ਮਾਨਤਾਂ ਕਰਵਾਉਣ ਵਾਲੇ ਫੜੇ ਗਏ

ਜਲੰਧਰ, 21 ਅਪ੍ਰੈਲ (ਪੋਸਟ ਬਿਊਰੋ)- ਥਾਣਾ ਰਾਮਾਮੰਡੀ ਪੁਲਸ ਨੇ ਅਦਾਲਤਾਂ ਵਿੱਚ ਜਾਅਲੀ ਕਾਗਜ਼ਾਂਨਾਲ ਮੁਲਜ਼ਮਾਂ ਦੀਆਂ ਉੱਤੇ ਜ਼ਮਾਨਤਾਂ ਦੇਣ ਵਾਲੇ ਗਿਰੋਹ ਵਿੱਚੋਂ ਇੱਕ ਔਰਤ ਸਣੇ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਪਤਾ ਲੱਗਾ ਹੈ ਕਿ ਮੁਖਬਰ ਦੀ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਦੱਸੀ ਹੋਈ ਥਾਂ ਉੱਤੇ ਛਾਪਾ ਮਾਰਕੇ ਮਨੋਜ ਕੁਮਾਰ ਵਾਸੀ ਨਿਊ ਦਸਮੇਸ਼ ਨਗਰ, ਅਵਤਾਰ ਸਿੰਘ ਵਾਸੀ ਰੇਲਵੇ ਰੋਡ ਆਦਮਪੁਰ, ਮਨਵੀਰ ਸਿੰਘ ਉਰਫ ਮੋਨੂੰ ਵਾਸੀ ਜਵਾਹਰ ਨਗਰ ਆਦਮਪੁਰ ਐ ਬਲਜੀਤ ਕੌਰ ਵਾਸੀ ਲੱਧੇਵਾਲੀ ਜਲੰਧਰ ਨੂੰ ਕਾਬੂ ਕਰ ਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਜਾਅਲੀ ਦਸਤਾਵੇਜ਼, ਜਾਅਲੀ ਮੋਹਰਾਂ ਅਤੇ ਇੱਕ ਚੋਰੀ ਦਾ ਮੋਟਰ ਸਾਈਕਲ ਵੀ ਬਰਾਮਦ ਕੀਤਾ ਹੈ। ਗਿਰੋਹ ਦੇ ਮੈਂਬਰ ਮੁਲਜ਼ਮਾਂ ਦੀਆਂ ਜ਼ਮਾਨਤਾਂ ਕਰਾਉਣ ਲਈ ਜਾਅਲੀ ਦਸਤਾਵੇਜ਼ ਲਗ ਕੇ ਉਨ੍ਹਾਂ ਕੋਲੋਂ ਮੋਟੇ ਪੈਸੇ ਵਸੂਲਦੇ ਸਨ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਉਨ੍ਹਾਂ ਦਾ ਪੁਲਸ ਰਿਮਾਂਡ ਲਿਆ ਜਾਵੇਗਾ।




Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756



ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?





BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਅਕਾਲ ਡਿਗਰੀ ਵੂਮੈੱਨ ਕਾਲਜ ਦੀ ਪ੍ਰਬੰਧਕੀ ਕਮੇਟੀ ਬਰਖ਼ਾਸਤ

*** ਡਿਪਟੀ ਕਮਿਸ਼ਨਰ ਨੂੰ ਚਾਰਜ ਸੌਂਪ ਦਿੱਤਾ ਗਿਆ**




ਸੰਗਰੂਰ, 21 ਅਪਰੈਲ, (ਪੋਸਟ ਬਿਊਰੋ)- ਅਕਾਲ ਡਿਗਰੀ ਵੂਮੈੱਨ ਕਾਲਜ ਦੀ ਪ੍ਰਬੰਧਕੀ ਕਮੇਟੀਦੇ ਵਿਰੁੱਧ ਫੰਡਾਂ ਵਿੱਚ ਘਪਲੇ ਦਾ ਇੱਕ ਕੇਸਸੰਗਰੂਰ ਦੇ ਸਿਟੀ ਥਾਣੇ ਵਿੱਚ ਦਰਜ ਕੀਤਾ ਗਿਆ ਹੈ। ਉੱਚ ਸਿੱਖਿਆ ਵਿਭਾਗ ਦੇ ਹੁਕਮਾਂ ਉੱਤੇ ਦਰਜ ਕੀਤੇ ਗਏ ਇਸਕੇਸ ਤੋਂ ਬਾਅਦ ਪ੍ਰਬੰਧਕੀ ਕਮੇਟੀ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਤੇ ਇਸ ਕਾਲਜ ਦਾ ਸਮੁੱਚਾ ਪ੍ਰਬੰਧ ਇਸ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਸੌਂਪ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਅਕਾਲ ਡਿਗਰੀ ਵੂਮੈੱਨ ਕਾਲਜ ਪਿਛਲੇ ਲੰਮੇ ਸਮੇਂ ਤੋਂ ਫੰਡਾਂ ਵਿੱਚਘਪਲਿਆਂ ਬਾਰੇਖਬਰਾਂ ਵਿੱਚ ਹੈ। ਸ਼ਹਿਰ ਦੇ ਲੋਕਾਂ ਨੇ ਵੱਖ-ਵੱਖ ਸਮੇਂ ਇਸ ਕਾਲਜ ਵਿੱਚ ਫੰਡਾਂ ਦੀ ਘਪਲੇ ਬਾਰੇ ਉੱਚ ਅਧਿਕਾਰੀਆਂ ਨੂੰ ਲਿਖਤੀਪੱਤਰ ਭੇਜੇ ਸਨ, ਜਿਸ ਕਾਰਨ ਅਕਾਲ ਡਿਗਰੀ ਕਾਲਜ ਫਾਰ ਵੂਮੈੱਨ ਦੀ ਮੈਨੇਜਮੈਂਟ ਕਮੇਟੀ ਦੇ ਖ਼ਿਲਾਫ਼ ਲੱਖਾਂ ਰੁਪਏ ਦੇ ਗਬਨ ਬਾਰੇ ਪੁਲਸ ਨੇ ਕਾਰਵਾਈ ਸ਼ੁਰੂ ਕੀਤੀ ਤੇ ਕੇਸ ਦਰਜ ਕਰਨ ਪਿੱਛੋਂ ਸਰਕਾਰ ਕਾਰਵਾਈ ਕਰਨ ਲੱਗੀ ਹੈ।

ਇਸ ਤੋਂ ਪਹਿਲਾਂ ਸੰਗਰੂਰ ਦੇ ਕਈ ਪ੍ਰਮੁੱਖ ਲੋਕਾਂ ਨੇ ਅਕਾਲ ਡਿਗਰੀ ਕਾਲਜ ਫਾਰ ਵੂਮੈੱਨ ਦੀ ਮੈਨੇਜਮੈਂਟਵੱਲੋਂ ਗੈਰਕਾਨੂੰਨੀ ਢੰਗ ਤੇ ਧੱਕੇਸ਼ਾਹੀ ਨਾਲ ਫੰਡਾਂ ਦੀ ਦੁਰਵਰਤੋਂ ਦੀ ਸ਼ਿਕਾਇਤ ਕੀਤੀ ਤਾਂ ਇਸ ਦੀ ਜਾਂਚ ਲਈ ਉੱਚ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਨੇ 3 ਜੂਨ 2020 ਜਾਂਚ ਕਮੇਟੀ ਬਣਾ ਕੇ 3 ਜੁਲਾਈ 2020 ਤਕ ਰਿਪੋਰਟ ਦੇਣ ਨੂੰ ਕਿਹਾ ਸੀ। ਜਾਂਚ ਕਮੇਟੀ ਨੇ 13 ਜੁਲਾਈ 2020 ਨੂੰ ਰਿਪੋਰਟ ਦਿੱਤੀ ਅਤੇ 28 ਜਨਵਰੀ 2021 ਨੂੰ ਡੀਪੀਆਈ ਕਾਲਜਿਜ਼ ਨੇ ਰਿਪੋਰਟ ਦੀ ਕਾਪੀ ਭੇਜ ਕੇ ਮੈਨੇਜਮੈਂਟ ਤੋਂ ਜਵਾਬ ਮੰਗਿਆ ਸੀ।ਮੈਨੇਜਮੈਂਟ ਨੇ 14 ਜਨਵਰੀ 2022 ਨੂੰ ਜਵਾਬ ਭੇਜਿਆ ਤਾਂ ਇਸ ਜਵਾਬ ਪਿੱਛੋਂ ਉੱਚ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਨੇ ਇੱਕ ਹੋਰ ਉੱਚ ਪੱਧਰੀ ਕਮੇਟੀ ਬਣਾਈ, ਜਿਸ ਨੇ ਕਾਲਜ ਮੈਨੇਜਮੈਂਟ ਦੇ ਜਵਾਬ ਤੇ ਪੁਰਾਣੀ ਕਮੇਟੀ ਦੀ ਰਿਪੋਰਟ ਦੇਖ ਕੇ ਆਪਣੀ ਰਿਪੋਰਟ ਵਿਭਾਗ ਅਤੇ ਸਰਕਾਰ ਨੂੰ ਦਿੱਤੀ ਸੀ। ਇਸ ਰਿਪੋਰਟ ਉੱਤੇ ਅਗਲੀ ਕਾਰਵਾਈ ਲਈ ਵੱਖ-ਵੱਖ ਪੜਾਵਾਂ ਮਗਰੋਂ ਪਿਛਲੇ ਦਿਨੀਂ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਇਸ ਰਿਪੋਰਟ ਦੇ ਆਧਾਰ ਉੱਤੇਕੇਸ ਦਰਜ ਕਰਨ ਦੀ ਹਦਾਇਤ ਕੀਤੀ ਗਈ ਸੀ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:
01191-9779100149




ਕੈਨੇਡੀਅਨ ਪੰਜਾਬੀ ਪੋਸਟ
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

WWW.KULWINDERCHHINA.COM

KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੋਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca


ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000
416-818-3777


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਫਿਲਮੀ ਦੁਨੀਆ

## ਪ੍ਰਭਾਸ ਦੇ 'ਪ੍ਰੋਜੈਕਟ ਕੇ' ਲਈ ਵਰਤੀ ਗਈ ਆਪਣੀ ਤਰ੍ਹਾਂ ਦੀ ਪਹਿਲੀ ਤਕਨੀਕ



ਪ੍ਰਭਾਸ਼ ਬਾਲੀਵੁੱਡ ਅਭਿਨੇਤਰੀ ਦੀਪਿਕਾ ਪਾਦੁਕੋਣ ਨਾਲ ਅਗਲੀ ਫਿਲਮ 'ਪ੍ਰੋਜੈਕਟ ਕੇ' ਵਿੱਚ ਦਿਖਾਈ ਦੇਵੇਗਾ। ਸੂਤਰ ਦੱਸਦੇ ਹਨ ਕਿ ਨਿਰਮਾਤਾ ਇਸ ਫਿਲਮ ਦੇ ਨਿਰਮਾਣ ਵਿੱਚ ਇੱਕ ਨਵੀਂ ਤਕਨੀਕ ਨੂੰ ਸ਼ਾਮਲ ਕਰਨਗੇ। ਫਿਲਮ ਦੀ ਸ਼ੂਟਿੰਗ ਐਰੀ ਅਲੈਕਸਾ ਤਕਨਾਲੋਜੀ ਨਾਲ ਕੀਤੀ ਜਾ ਰਹੀ ਹੈ।

ਇਸ ਆਧੁਨਿਕ ਤਕਨੀਕ ਦੀ ਵਰਤੋਂ ਕਰਨ ਵਾਲੀ ਇਹ ਪਹਿਲੀ ਭਾਰਤੀ ਫਿਲਮ ਹੈ। ਐਰੀ ਅਲੈਕਸਾ ਤਕਨੀਕ ਇੱਕ ਡਿਜੀਟਲ ਮੋਸ਼ਨ ਪਿਕਚਰ ਕੈਮਰਾ ਸਿਸਟਮ ਹੈ, ਜੋ ਸਾਇੰਸ ਫਿਕਸ਼ਨ ਥ੍ਰਿਲਰ ਦੀ ਸਿਨੇਮੈਟੋਗਰਾਫੀ ਵਿੱਚ ਵਰਤੀ ਜਾਂਦੀ ਹੈ। ਇਸ ਤਕਨੀਕ ਨੂੰ ਵਰਤਣ ਦਾ ਉਦੇਸ਼ ਵਿਜ਼ੁਅਲ ਅਨੁਭਵ ਨੂੰ ਵਧਾਉਣਾ ਹੈ, ਜਦੋਂ ਕਿ ਤਕਨਾਲੋਜੀ ਡਰਾਮੇ ਦੀਆਂ ਭਾਵਨਾਵਾਂ ਵਿੱਚ ਨਹੀਂ ਵਰਤੀ ਜਾਵੇਗੀ।

ਨਾਗ ਅਸ਼ਵਿਨ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਪ੍ਰੋਜੈਕਟ ਕੇ' ਭਾਰਤੀ ਸਿਨੇਮਾ ਦੀਆਂ ਸਭ ਤੋਂ ਮਹਿੰਗੀਆਂ ਫਿਲਮਾਂ ਵਿੱਚੋਂ ਇੱਕ ਹੋਣ ਦੀ ਆਸ ਹੈ। ਇੱਕ ਸਾਇੰਸ ਫਿਕਸ਼ਨ ਵਜੋਂ ਬਣਾਈ ਗਈ ਇਸ ਫਿਲਮ ਦੇ ਸਭ ਤੋਂ ਵਧੀਆ ਨਤੀਜਿਆਂ ਲਈ ਨਿਰਮਾਤਾਵਾਂ ਨੇ ਚੋਟੀ ਦੀ ਆਈ ਟੀ ਕੰਪਨੀ ਮਹਿੰ-ਦਰਾ ਤੋਂ ਸਹਿਯੋਗ ਲਿਆ ਹੈ। ਫਿਲਮ ਵਿੱਚ ਪ੍ਰਭਾਸ, ਦੀਪਿਕਾ ਪਾਦੁਕੋਣ, ਅਮਿਤਾਭ ਬੱਚਨ ਅਤੇ ਹੋਰਾਂ ਨੇ ਮੁੱਖ ਭੂਮਿਕਾ ਨਿਭਾਈ ਹੈ।

## ਰਿਸਕ ਲੈਣ ਦਾ ਫਾਇਦਾ ਮਿਲਿਆ : ਵਾਣੀ

ਵਾਣੀ ਕਪੂਰ ਨੇ ਆਪਣੀ ਪਿਛਲੀ ਫਿਲਮ 'ਚੰਡੀਗੜ੍ਹ ਕਰੇ ਆਸ਼ਕੀ' ਵਿੱਚ ਇੱਕ ਟ੍ਰਾਂਸਜੈਂਡਰ ਦੀ ਭੂਮਿਕਾ ਨੂੰ ਮੰਨ ਕੇ ਵੱਡਾ ਰਿਸਕ ਲਿਆ ਸੀ। ਉਸ ਦਾ ਇਹ ਦਾਅ ਇੰਝ ਚੱਲਿਆ ਕਿ ਫਾਇਦਾ ਹੋ ਗਿਆ, ਜਿਸ ਦੀ ਇੱਛਾ ਉਸ ਨੂੰ ਲੰਬੇ ਸਮੇਂ ਤੋਂ ਸੀ। ਵਾਣੀ ਨੂੰ ਖੁਦ ਇਸ ਦਾ ਅਹਿਸਾਸ ਹੈ ਤੇ ਮੰਨਦੀ ਹੈ ਕਿ ਉਸ ਨੂੰ ਅਸਲੀ ਪਛਾਣ ਕਿਸੇ ਫਿਲਮ ਨੇ ਦਿੱਤੀ ਹੈ।



ਵਾਣੀ ਅਨੁਸਾਰ ਇਸ ਰੋਲ ਨੇ ਲੋਕਾਂ ਦੀ ਇਹ ਧਾਰਨਾ ਤੋੜ ਦਿੱਤੀ ਕਿ ਉਹ ਸਿਰਫ ਇੱਕ ਖੂਬਸੂਰਤ ਨਾਇਕਾ ਦੀ ਭੂਮਿਕਾ ਨਿਭਉਣ ਲਈ ਫਿੱਟ ਹੈ। ਇੱਕ ਇੰਟਰਵਿਊ ਵਿੱਚ ਵਾਣੀ ਦਾ ਕਹਿਣਾ ਸੀ, ''ਮੈਨੂੰ ਲੱਗਦਾ ਹੈ ਕਿ 'ਚੰਡੀਗੜ੍ਹ ਕਰੇ ਆਸ਼ਕੀ' ਨੇ ਮੇਰੇ ਕਰੀਅਰ ਵਿੱਚ ਕਾਫੀ ਮਦਦ ਕੀਤੀ ਹੈ। ਇਸ ਨਾਲ ਮੈਨੂੰ ਇੱਕ ਆਦਰਸ਼ ਪਲੇਟਫਾਰਮ ਮਿਲਿਆ, ਜਿੱਥੇ ਮੈਂ ਸਾਰਿਆਂ ਨੂੰ ਦਿੱਸ ਸਕੀ ਕਿ ਮੈਂ ਕਿਸ ਤਰ੍ਹਾਂ ਦੀ ਅਭਿਨੇਤਰੀ ਬਣਨਾ ਚਾਹੁੰਦੀ ਸੀ। ਪਰਦੇ ਉਤੇ ਖੁਦ ਨੂੰ ਸਾਬਤ ਕਰਨ ਲਈ ਮੈਂ ਕਿਸੇ ਵੀ ਤਰ੍ਹਾਂ ਦਾ ਰਿਸਕ ਲੈਣ ਨੂੰ ਤਿਆਰ ਹਾਂ ਕਿਉਂਕਿ ਮੈਂ ਇੱਕ ਕਲਾਕਾਰ ਦੇ ਰੂਪ ਵਿੱਚ ਸਿਰਫ ਕੁਝ ਰੋਲਾਂ ਤੱਕ ਸੀਮਿਤ ਨਹੀਂ ਹੋਣਾ ਚਾਹੂੰਦੀ, ਸਗੋਂ ਮੈਂ ਹਰ ਤਰ੍ਹਾਂ ਦਾ ਰੋਲ ਕਰਨਾ ਚਾਹੁੰਦੀ ਹਾਂ।''

ਉਹ ਕਹਿੰਦੀ ਹੈ, ''ਮੈਨੂੰ ਲੱਗਦਾ ਹੈ ਕਿ 'ਚੰਡੀਗੜ੍ਹ ਕਰੇ ਆਸ਼ਕੀ' ਤੋਂ ਪਹਿਲਾਂ ਲੋਕਾਂ ਨੇ ਸਿਰਫ ਇਹ ਸੋਚਿਆ ਸੀ ਕਿ ਮੈਂ ਖਾਸ ਤਰ੍ਹਾਂ ਦੀ ਭੂਮਿਕਾ ਹੀ ਨਿਭਾ ਸਕਦੀ ਹਾਂ, ਪਰ ਫਿਲਮ ਰਿਲੀਜ਼ ਤੋਂ ਬਾਅਦ ਮੈਨੂੰ ਵੱਖਰੇ ਅਤੇ ਦਿਲਚਸਪ ਰੋਲ ਮਿਲਣ ਲੱਗੇ ਹਨ। ਮੈਨੂੰ ਆਪਣਾ ਕਾਲਿੰਗ ਕਾਰਡ ਬਣਨ ਲਈ ਅਜਿਹੀ ਫਿਲਮ ਦੀ ਲੋੜ ਸੀ ਤੇ ਮੈਂ ਪ੍ਰਤੀਕਿਰਿਆ ਤੋਂ ਬੇਹੱਦ ਖੁਸ਼ ਹਾਂ। ਇਹ ਮੇਰੇ ਵਰਗੀ ਅਭਿਨੇਤਰੀ ਲਈ ਅਸਲ ਵਿੱਚ ਉਤਸ਼ਾਹਜਨਕ ਹੈ, ਕਿਉਂਕਿ ਮੈਂ ਪਰਦੇ ਉਤੇ ਇੱਕੋ ਤਰ੍ਹਾਂ ਦੀ ਭੂਮਿਕਾ ਨਹੀਂ ਕਰਨਾ ਚਾਹੁੰਦੀ, ਸਗੋਂ ਮੈਂ ਕੁਝ ਨਵਾਂ ਲੱਭਣਾ ਤੇ ਆਪਣੇ ਅਭਿਨੈ ਵਿੱਚ ਉਤਮਤਾ ਹਾਸਲ ਕਰਨਾ ਚਾਹੁੰਦੀ ਹਾਂ। ਮੈਂ ਚਾਹੁੰਦੀ ਹਾਂ ਕਿ ਲੋਕ ਮੈਨੂੰ ਇੱਕ ਅਜਿਹੀ ਅਭਿਨੇਤਰੀ ਦੇ ਰੂਪ ਵਿੱਚ ਯਾਦ ਕਰਨ ਜੋ ਪਰਦੇ ਉਤੇ ਹਰ ਤਰ੍ਹਾਂ ਦੇ ਰੋਲ ਕਰ ਸਕਦੀ ਹੈ। ਪੂਰੀ ਆਸ ਹੈ ਕਿ ਮੈਨੂੰ ਹੋਰ ਵੀ ਚੰਗੇ ਮੌਕੇ ਮਿਲਣ-ਗੇ, ਜੋ ਇੱਕ ਕਲਾਕਾਰ ਦੇ ਰੂਪ ਵਿੱਚ ਮੈਨੂੰ ਹੋਰ ਚੰਗਾ ਪ੍ਰਦਰਸ਼ਨ ਕਰਨ ਲਈ ਉਤਸ਼ਹਤ ਕਰਨਗੇ ਜਿਸ ਲਈ ਮੈਂ ਤਿਆਰ ਹਾਂ।''

## ਹੁਮਾ ਨੇ ਤਰਲਾ ਦਲਾਲ ਦੀ ਬਾਇਓਪਿਕ ਦਾ ਪਹਿਲਾ ਸ਼ਡਿਊਲ ਸ਼ੁਰੂ ਕੀਤਾ



ਹੁਮਾ ਕੁਰੈਸ਼ੀ ਪ੍ਰਸਿੱਧ ਸ਼ੈਫ ਤਰਲਾ ਦਲਾਲ ਦੀ ਬਾਇਓਪਿਕ ਫਿਲਮ ਬਾਰੇ ਚਰਚਾ ਵਿੱਚ ਹੈ। ਇਸ ਫਿਲਮ ਵਿੱਚ ਉਹ ਟਾਈਟਲ ਰੋਲ ਨਿਭਾਏਗੀ। ਚਰਚਾ ਹੈ ਕਿ ਉਸ ਨੇ ਇਸ ਦੀ ਸ਼ੂਟਿੰਗ ਮੁੰਬਈ ਵਿੱਚ ਸ਼ੁਰੂ ਕਰ ਦਿੱਤੀ ਹੈ। ਪੀਊਸ਼ ਗੁਪਤਾ ਇਸ ਦਾ ਨਿਰਦੇਸ਼ਨ ਕਰਨਗੇ। ਇਸ ਵਿੱਚ ਸੈਲੀਬ੍ਰਿਟੀ ਸ਼ੈਫ ਤਰਲਾ ਦੀ ਪ੍ਰੋਫੈਸ਼ਨਲਾਈਫ ਤੋਂ ਲੈ ਕੇ ਨਿੱਜੀ ਜ਼ਿੰਦਗੀ ਨੂੰ ਪਰਦੇ ਉਤੇ ਦਿਖਾਇਆ ਜਾਏਗਾ। ਫਿਲਹਾਲ ਇਸ ਫਿਲਮ ਦਾ ਟਾਈਟਲ 'ਤਰਲਾ' ਰੱਖਿਆ ਗਿਆ ਹੈ।

ਸੂਤਰਾਂ ਨੇ ਦੱਸਿਆ ਕਿ ਤਰਲਾ ਦੀ ਬਾਇਓਪਿਕ ਬਹੁਤ ਜਲਦੀ ਬਣਨ ਵਾਲੀ ਹੈ। ਟੀਮ ਨੇ ਇੱਕ ਰੈਪਿਡ ਸ਼ਡਿਊਲ ਤਿਆਰ ਕੀਤਾ ਹੈ ਤੇ ਜਲਦੀ ਹੀ ਫਿਲਮ ਦੀ ਸ਼ੂਟਿੰਗ ਨੂੰ ਪੂਰਾ ਕਰ ਲਿਆ ਜਾਏਗਾ। ਤਰਲਾ ਇੱਕ ਇੰਡੀਅਨ ਫੂਡ ਲੇਖਕ, ਸ਼ੈਫ ਅਤੇ ਕੁਕਿੰਗ ਸ਼ੋਅ ਦੀ ਹੋਸਟ ਰਹੀ ਹੈ। ਉਨ੍ਹਾਂ ਨੇ 100 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਹੁਮਾ ਦੇ ਵਰਕਫਰੰਟ ਦੇ ਮੁਤਾਬਕ ਉਹ ਜਲਦੀ ਹੀ ਸੋਨਾਕਸ਼ੀ ਸਿਨਹਾ ਨਾਲ ਫਿਲਮ 'ਡਬਲ ਐਕਸ ਐੱਲ' ਵਿੱਚ ਨਜ਼ਰ ਆਏਗੀ। ਇਸ ਦੇ ਨਾਲ ਉਹ ਸੰਜੇ ਲੀਲਾ ਭੰਸਾਲੀ ਦੀ ਸੀਰੀਜ਼ 'ਹੀਰਾਮੰਡੀ' ਵਿੱਚ ਵੀ ਅਹਿਮ ਕਿਰਦਾਰ ਵਿੱਚ ਨਜ਼ਰ ਆਵੇਗੀ।



## ਬੜੀ ਮੁਸ਼ਕਲ ਨਾਲ ਮਿਲਦੇ ਹਨ ਅਸਲੀ ਦੋਸਤ : ਅਕਸ਼ੈ ਕੁਮਾਰ

'ਬੈਲ ਬਾਟਮ' ਅਤੇ 'ਸੂਰਿਆਵੰਸ਼ੀ' ਵਰਗੀਆਂ ਸਫਲ ਅਤੇ ਚਰਚਿਤ ਫਿਲਮਾਂ ਦੇਣ ਪਿੱਛੋਂ ਅਕਸ਼ੈ ਕੁਮਾਰ ਇੱਕ ਵਾਰ ਫਿਰ ਖਬਰਾਂ ਵਿੱਚ ਹਨ ਆਪਣੀ ਮਸਾਲਾ ਇੰਟਰਟੇਨਰ 'ਬੱਚਨ ਪਾਂਡੇ' ਨਾਲ। ਇਸ ਖਾਸ ਮੁਲਾਕਾਤ ਵਿੱਚ ਅਭਿਨੇਤਾ ਨੇ ਨਾ ਕੇਵਲ ਫਿਲਮ, ਬਲਕਿ ਆਪਣੇ ਬੱਚਿਆਂ, ਦੋਸਤਾਂ, ਵਿਆਹ, ਖੁਸ਼ੀ, ਨਾਈਟਮੇਅਰ ਅਤੇ ਦਰਸ਼ਕਾਂ ਦੇ ਮੂਡ ਦੇ ਬਾਰੇ ਖੁੱਲ੍ਹਦਿਲੀ ਨਾਲ ਗੱਲ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਕੋਰੋਨਾ ਕਾਲ ਵਿੱਚ 'ਬੈਲ ਬਾਟਮ' ਨਾਲ ਥ੍ਰੀਏਟ੍ਰੀਕਲ ਰਿਲੀਜ਼ ਦਾ ਸਾਹਸ ਕਰਨ ਪਿੱਛੋਂ ਤੁਹਾਡੀ 'ਸੂਰਿਆਵੰਸ਼ੀ' ਨੇ ਵੀ ਸਿਨੇਮਾ ਹਾਲ ਵਿੱਚ ਚੰਗੀ ਕਮਾਈ ਕੀਤੀ, ਪਰ 'ਬੱਚਨ ਪਾਂਡੇ' ਦਰਸ਼ਕਾਂ ਨੂੰ ਸਿਨੇਮਾਘਰਾਂ ਵਿੱਚ ਖਿੱਚਣ ਤੋਂ ਅਸਫਲ ਰਹੀ।

- ਇਹ ਕਿਸਮਤ ਉੱਤੇ ਨਿਰਭਰ ਕਰਦਾ ਹੈ ਕਿ ਕਿਹੜੀ ਫਿਲਮ ਚੱਲੇਗੀ, ਕਿਹੜੀ ਨਹੀਂ। ਭਾਵੇਂ ਨਾ ਚੱਲੀ ਹੋਵੇ, ਪਰ ਇਹ ਮੇਰੇ ਦਿਲ ਦੇ ਬੇਹੱਦ ਕਰੀਬ ਹੈ।

* ਕੋਰੋਨਾ ਨੇ ਅਣਗਿਣਤ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ, ਕਈ ਲੋਕਾਂ ਨੇ ਆਪਣਿਆਂ ਨੂੰ ਖੋਹਿਆ ਤਾਂ ਰੋਜ਼ਗਾਰ ਤੋਂ ਵੀ ਹੱਥ ਧੋਤਾ, ਤੁਸੀਂ ਕੀ ਸਿੱਖਿਆ?

- ਮੇਰਾ ਰਿਆਲਾਈਜੇਸ਼ਨ ਇਹੀ ਹੈ ਕਿ ਸਾਹ ਅਤੇ ਆਕਸੀਜਨ ਕਿੰਨੀ ਵੱਡੀ ਚੀਜ਼ ਹੈ। ਸਮੁੰਦਰ ਸਾਡੇ ਸਾਹਮਣੇ ਹੈ, ਪਰ ਅਸੀਂ ਜਾ ਨਹੀਂ ਸਕਦੇ, ਪਾਰਕ ਆਸਪਾਸ ਹਨ, ਪਰ ਕਦੇ ਟਹਿਲਣ ਗਏ ਨਹੀਂ। ਪਿੰਜਰੇ ਵਿੱਚ ਬੰਦ ਰਹੇ। ਸਾਡੇ ਕੋਲ ਸਭ ਕੁਝ ਸੀ, ਪਰ ਕੋਰੋਨਾ ਨੇ ਸਾਨੂੰ ਕੈਦੀ ਬਣਾ ਲਿਆ ਤਾਂ ਮਹਾਮਾਰੀ ਨੇ ਸਾਨੂੰ ਇਹੀ ਸਿਖਾਇਆ ਕਿ ਕੁਦਰਤ ਦੀ ਵੈਲਿਊ ਕਰੋ। ਆਪਣੇ ਨਦੀ, ਸਮੁੰਦਰ ਤੇ ਪਹਾੜ ਦੀ ਕੀਮਤ ਜਾਣੋ। ਇਨ੍ਹਾਂ ਦਾ ਸਾਂਭ-ਸੰਭਾਲ ਕਰੋ, ਪਲਾਨੈਟ ਦਾ ਧਿਆਨ ਰੱਖੋ।

* ਫਿਲਮ ਦੇ ਨਿਰਮਾਤਾ ਸਾਜਿਦ ਨਾਡਿਆਡਵਾਲਾ ਤੁਹਾੜੇ ਬਚਪਨ ਦੇ ਦੋਸਤ ਹਨ। ਬੀਤੇ ਸਾਲਾਂ ਵਿੱਚ ਤੁਹਾਡਾ ਦੋਵਾਂ ਦੀ ਦੋਸਤੀ ਕਿੰਨੀ ਗਹਿਰੀ ਹੋਈ?

- ਸਾਡੀ ਬਾਂਡਿੰਗ ਬਹੁਤ ਵਧੀਆ ਰਹੀ। ਅਸੀਂ ਦੋਵੇਂ ਬਹੁਤ ਪੁਰਾਣੇ ਦੋਸਤ ਹਾਂ। ਅਸੀਂ ਇੱਕੋ ਸਕੂਲ ਵਿੱਚ ਪੜ੍ਹੇ ਤੇ ਇੱਕੋ ਬਸ ਵਿੱਚ ਆਉਂਦੇ-ਜਾਂਦੇ ਸੀ। ਸਾਡੀਆਂ ਕਾਫੀ ਚੀਜ਼ਾਂ ਅੱਜ ਵੀ ਮਿਲਦੀਆਂ-ਜੁਲਦੀਆਂ ਹਨ। ਇਤਫਾਕ ਦੀ ਗੱਲ ਹੈ ਕਿ ਉਹ ਮੇਰੀ ਬਿਲਡਿੰਗ ਵਿੱਚ ਰਹਿੰਦਾ ਹੈ। ਉਸ ਦੇ ਤੇ ਮੇਰੇ ਬੇਟੇ ਦੇ ਜਨਮ ਦਿਨ ਵਿੱਚ ਸਿਰਫ ਦੋ ਦਿਨ ਦਾ ਫਰਕ ਹੈ। ਸਾਡੇ ਦੋਵਾਂ ਦੇ ਬੇਟੇ ਇੱਕੋ ਹਸਪਤਾਲ ਵਿੱਚ ਪੈਦਾ ਹੋਏ ਸਨ। ਕੰਮ ਦੇ ਮਾਮਲੇ ਵਿੱਚ ਉਸ ਦਾ ਅਲੱਗ ਟ੍ਰੈਕ ਹੈ ਤੇ ਮੇਰਾ ਅਲੱਗ, ਪਰ ਅਸੀਂ ਪੈਰਲਲ ਚੱਲਦੇ ਹਾਂ।

* ਤੁਸੀਂ ਇੱਕ ਸੈਲਫ ਮੇਡ ਮੈਨ ਹੋ, ਪਰ ਤੁਹਾਨੂੰ ਕੀ ਲੱਗਦਾ ਹੈ, ਦੋਸਤ ਅਤੇ ਦੋਸਤੀ ਕਿੰਨੀ ਅਹਿਮ ਹੁੰਦੀ ਹੈ?

- ਬਹੁਤ ਜ਼ਿਆਦਾ ਅਹਿਮੀਅਤ ਰੱਖਦੀ ਹੈ। ਜੇ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਦੋ ਸੱਚੇ ਦੋਸਤ ਮਿਲ ਜਾਣ ਤਾਂ ਤੁਸੀਂ ਖੁਦ ਖੁਸ਼ਕਿਸਮਤ ਸਮਝ ਸਕਦੇ ਹੋ। ਅਸਲੀ ਦੋਸਤ ਤੁਹਾਨੂੰ ਬੜੀ ਮੁਸ਼ਕਲ ਨਾਲ ਮਿਲਦੇ ਹਨ, ਪਰ ਜੇ ਮਿਲ ਜਾਣ ਤਾਂ ਉਨ੍ਹਾਂ ਨੂੰ ਫੜ ਕੇ ਰੱਖਣਾ ਚਾਹੀਦਾ, ਜਾਣ ਨਾ ਦਿਓ। ਮੈਂ ਖੁਸ਼ਕਿਸਮਤ ਹਾਂ, ਮੇਰੀ ਜ਼ਿੰਦਗੀ ਵਿੱਚ ਅਜਿਹੇ ਦੋਸਤ ਹਨ।

* ਅੱਜ ਤੁਹਾਡੇ ਲਈ ਖੁਸ਼ੀ ਦੀ ਪਰਿਭਾਸ਼ਾ ਕੀ ਹੈ ਅਤੇ ਸਭ ਤੋਂ ਵੱਡਾ ਨਾਈਟਮੇਅਰ ਕੀ ਹੈ?

- ਮੇਰੀ ਖੁਸ਼ੀ ਦੀ ਡੈਫੀਨੇਸ਼ਨ ਇਹੀ ਹੈ ਕਿ ਮੇਰੇ ਕੋਲ ਕੰਮ ਰਹੇ ਤੇ ਮੈਂ ਕੰਮ ਕਰਦਾ ਰਹਾਂ। ਮੇਰੇ ਬੱਚੇ ਖੁਸ਼ ਰਹਿਣ। ਇਨ੍ਹਾਂ ਸਭ ਦਾ ਆਪੋਜ਼ਿਟ ਹੈ ਮੇਰੀ ਨਾਈਟਮੇਅਰ, ਮੇਰੇ ਕੋਲ ਕੰਮ ਨਾ ਹੋਇਆ ਤਾਂ? ਇਹ ਖਿਆਲ ਬਹੁਤ ਡਰਾਵਣਾ ਹੈ।

* ਤੁਸੀਂ ਆਪਣੇ ਪਿਤਾ ਨੂੰ ਆਪਣਾ ਹੀਰੋ ਮੰਨਦੇ ਰਹੇ ਹੋ? ਬੱਚਿਆਂ ਲਈ ਪਿਤਾ ਦੇ ਰੂਪ ਵਿੱਚ ਕੀ ਕਹਿਣਾ ਚਾਹੋਗੇ?

- ਇਹੀ ਕਿ ਚੰਗੇ ਇਨਸਾਨ ਬਣੋ। ਲੋਕਾਂ ਦੀ ਸੇਵਾ ਕਰੋ। ਜੇ ਤੁਸੀਂ ਕਿਸੇ ਨੂੰ ਪੈਸੇ ਦਿੰਦੇ ਹੋ, ਤਾਂ ਇਹ ਨਾ ਸਮਝੋ ਕੀ ਤੁਸੀਂ ਚੈਰਿਟੀ ਦਿੱਤੀ ਹੈ। ਤੁਸੀਂ ਚੈਰਿਟੀ ਕਰਨ ਵਾਲੇ ਕੋਈ ਨਹੀਂ ਹੋ। ਤੁਸੀਂ ਜੇ ਕਿਸੇ ਦੀ ਮਦਦ ਕਰ ਰਹੇ ਹੋ, ਤਾਂ ਇਹ ਤੁਹਾਡਾ ਫਰਜ਼ ਹੈ, ਨਾ ਕਿ ਤੁਸੀਂ ਕੋਈ ਰਹਿਮ ਕਰ ਰਹੇ ਹੋ।

* ਹਾਲ ਹੀ ਵਿੱਚ ਤੁਸੀਂ ਤੇ ਟਵਿੰਕਲ ਖੰਨਾ ਨੇ ਆਪਣੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ ਹੈ। ਤੁਸੀਂ ਇੰਨੇ ਸਾਲਾਂ ਵਿੱਚ ਵਿਆਹ ਨੂੰ ਕਿੰਨਾ ਸਮਝ ਸਕੇ ਹੋ?

- ਮਹਾਰਾਜ, ਮੈਨੂੰ ਨਹੀਂ ਲੱਗਦਾ ਕਿ ਕੋਈ ਵਿਆਹ ਨੂੰ ਸਮਝ ਸਕਦਾ ਹੈ। ਕਿਸੇ ਨੇ ਇਸ ਉੱਤੇ ਕਿਤਾਬ ਵੀ ਨਹੀਂ ਲਿਖੀ ਤੇ ਜੇ ਲਿਖੀ ਹੋਵੇਗੀਤਾਂ ਅਧੂਰੀ ਹੋਵੇਗੀ। ਕੋਈ ਨਹੀ ਸਮਝ ਸਕਦਾ। ਵਿਆਹ ਨੂੰ ਕਿੱਥੇ ਕੋਈ ਸਮਝੇਗਾ? ਵਿਆਹ ਸਮਝ ਨਹੀਂ ਆਉਂਦਾ ਕਿਉਂਕਿ ਇਹ ਬੰਧਨ ਜੋ ਹੁੰਦੇ ਹਨ ਨਾ, ਉਸ ਵਿੱਚ ਬੱਝਣਾ ਪੈਂਦਾ ਹੈ, ਉਨ੍ਹਾਂ ਨੂੰ ਨਿਭਾਉਣਾ ਪੈਂਦਾ ਹੈ।

jobs! jobs! jobs! jobs! jobs!

DUNDAS-JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative



Tel: 905.793.5777

416.802.5866

31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿੰਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ


ਵੱਲੋਂ ਉਦਾਰਤਾਪੂਰਬਕ
ਪ੍ਰਯੋਜਿਤ ਕੀਤਾ ਗਿਆ
GLAD
ਬ੍ਰੈਂਪਟਨ ਪਾਰਕਸ ਕਲੀਨਅਪ
1 ਅਪ੍ਰੈਲ ਤੋਂ 1 ਨਵੰਬਰ ਤੱਕ
ਬ੍ਰੈਂਪਟਨ ਨੂੰ ਸਾਫ ਅਤੇ ਹਰਾ-ਭਰਾ ਰੱਖਣ ਵਿੱਚ ਮਦਦ ਕਰੋ। ਸਾਡੇ ਕਈ ਪਾਰਕਾਂ ਵਿੱਚੋਂ ਕਿਸੇ ਇੱਕ ਵਿਖੇ, ਕਮਿਉਨਿਟੀ ਜਾਂ ਸਵੈ-ਸੰਚਾਲਿਤ ਕਲੀਨਅਪਸ ਲਈ ਰਜਿਸਟਰ ਕਰੋ।
ਪਾਰਕਸ ਕਲੀਨਅਪ ਅਤੇ ਬਾਰਬੇਕਿਊ
1 ਮਈ ਐਨ ਨੈਸ਼ ਪਾਰਕ
7 ਮਈ ਐਂਡ੍ਰਿਊ ਮੈਕੈਂਡਲਸ ਪਾਰਕ
14 ਮਈ ਕਿਵਾਨਿਸ ਪਾਰਕ
28 ਮਈ ਡੇਨਲੀ ਅਤੇ ਈਸਟ ਡੇਨਲੀ ਪਾਰਕਸ
29 ਮਈ ਰੈਡ ਟੌਪ ਵੈਲੀ
ਹਾਈ ਸਕੂਲ ਦੇ ਵਿਦਿਆਰਥੀਆਂ ਨੂੰ, ਪੂਰੀ ਸਿਟੀ ਵਿੱਚ ਆਯੋਜਿਤ ਕਲੀਨਅਪਸ ਵਿੱਚ ਹਿੱਸਾ ਲੈਣ ਲਈ ਵਾਲੰਟੀਅਰ ਘੰਟੇ ਪ੍ਰਦਾਨ ਕੀਤੇ ਜਾਣਗੇ।
311
brampton.ca/cleanup
BRAMPTON


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
Platinum Club Award (2020-2017) (2009-2018) (REMAX International)
Chairman's Club Award (2021, 2018, 2015, 2014, 2013, 2012, 2011, 2010)
Hall of Fame (2010)
Lifetime Achievement Award (2014)
GUARANTEED Till SOLD
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details
JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details
SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood
SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird
SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell
SOLD @101% OF ASKING PRICE
12 Laurelcrest St
Queen / Laurelcrest / Hwy 410
SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410
SOLD @99% OF ASKING PRICE
11 Van Hoof Crest
Castlemore/ Goreway / Latania
SOLD $121,000 OVER ASKING IN 6 DAYS Caledon
42 Pinedale Ave
Kennedy / Dougall
SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood
SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy
FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017

323rd Revelation Day of Khalsa

ਤ੩੨੩ ਵਾਂ ਖਾਲਸਾ ਸਾਜਨਾ ਦਿਵਸ




| | | | | | |
|---|---|---|---|---|---|
| Kultar Singh Gill | 416-676-8820 | Manjit Singh Parmar | 416-524-7330 | Bhupinder Singh Ubbi | 416-726-7388 |
| Inderjit Singh Jagron | 416-704-0506 | Harbans Singh Jandali | 416-804-1999 | Ajmer Singh Mandur | 519-574-5042 |
| Pall Singh Badwal | 416-402-9053 | | | | |

**PLEASE NOTE:** ***NO PARADE THIS YEAR***

**CELEBRATIONS ONLY AT NATHAN PHILIPS SQUARE (City Hall)**

**10.00 AM TO 5:00 PM**

Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday

ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ